ਮਈ 2016 ਅੰਕ 7

# ਪ੍ਰਤਿਬਿੰਬ

ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਪ੍ਰਤੀਨਿਧ



ਸਕੇਪ ਪੰਜਾਬ ਈ-ਪਤ੍ਰਿਕਾ

www.scpepunjab.com

ਸਾਹਿਤ, ਖੋਜ ਅਤੇ ਸੱਭਿਆਚਾਰ ਦਾ ਪ੍ਰਤੀਨਿਧ

# ਪ੍ਰਤਿਬਿੰਬ

## ਸਕੇਪ ਪੰਜਾਬ ਮਾਸਿਕ ਈ-ਪਤ੍ਰਿਕਾ

ਮੁੱਖ ਸਫ਼ਾ ਚਿੱਤਰ ਕ੍ਰਿਤ->ਸਤੀਸ਼ ਗੁਜਰਾਲ

ਮਈ, 2016

ਅੰਕ 7

**ਮੁੱਖ ਸੰਪਾਦਕ**

ਮਨੋਜ ਫਗਵਾੜਵੀ

**ਸੰਪਾਦਕ**

ਐੱਸ. ਬਲਵੰਤ

ਡਾ. ਸਤਵਿੰਦਰ ਸਿੰਘ

**ਮਾਇਕ ਸਹਿਯੋਗੀ**

ਚਰਨਜੀਤ ਸਿੰਘ ਪੰਨੂ

ਗੁਰਸ਼ਰਨ ਸਿੰਘ ਅਜੀਬ

ਪ੍ਰਕਾਸ਼ ਸੋਹਲ

ਰਵੇਲ ਸਿੰਘ ਇਟਲੀ

ਅਮਨਦੀਪ ਸਿੰਘ

**ਸਲਾਹਕਾਰ**

ਡਾ. ਜੋਗਾ ਸਿੰਘ

ਮਨਦੀਪ ਸਿੰਘ

ਸੁਖਦੇਵ ਗਂਢਵਾ

**ਡਿਜ਼ਾਇਨਰ**

ਪਰਵਿੰਦਰ ਜੀਤ ਸਿੰਘ

**ਪ੍ਰਾਪਤੀ ਸ੍ਰੋਤ**

www.scapepunjab.com

## ਤਤਕਰਾ

**ਸੰਪਾਦਕੀ**

ਐੱਸ. ਬਲਵੰਤ...................... 3

**ਨਾਰੀ ਸਰੋਕਾਰ**

ਪ੍ਰੋ. ਕਰਮਜੀਤ ਕੌਰ ਕਿਸ਼ਾਂਵਲ...... 6

**ਕਾਵਿ ਵਿਅੰਗ**

ਡਾ. ਸਰਬਜਿੰਦਰ ਸਿੰਘ............ 8

**ਚਿੰਤਨ-ਮੌਜੂਦਾ ਸਕੂਲੀ ਵਿੱਦਿਆ ਪ੍ਰਬੰਧ**

ਇਕਵਾਕ ਸਿੰਘ ਪੱਟੀ................ 9

**ਸਿਆਸੀ ਚਿੰਤਨ-ਮੌਜੂਦਾ ਪੰਜਾਬ**

ਗੁਰਮੀਤ ਪਲਾਹ ................. 11

**ਕਵਿਤਾ-ਪ੍ਰਿਅੰਕਾ ਪਾਰਸ.........** 13

**ਪੁਸਤਕ ਸਮੀਖਿਆ**

ਡਾ. ਜਗੀਰ ਸਿੰਘ ਨੂਰ................ 14

**ਕਹਾਣੀ - ਸਫੈਦ ਫੁੱਲਾਂ ਦੀ ਵੇਲ**

ਰਾਜੇਸ਼ ਗੁਪਤਾ........................ 16

**ਕਹਾਣੀ - ਬਿਰਧ ਮਾਂ**

ਨਿਸ਼ਾਨ ਸਿੰਘ ਮੂਸੈ ................ 18

**ਦੋ ਕਵਿਤਾਵਾਂ-ਰਵੇਲ ਸਿੰਘ ਇਟਲੀ...** 22

**ਕਵਿਤਾ-ਜਸਪਾਲ ਜੂਸ..................** 23

**ਕਵਿਤਾ-ਡਾ. ਅਮਰਜੀਤ ਸਿੰਘ ਟਾਂਡਾ......** 23

**ਦੋ ਗ਼ਜ਼ਲਾਂ-ਗੁਰਸ਼ਰਨ ਸਿੰਘ ਅਜੀਬ..........** 24

**ਤਿੰਨ ਕਵਿਤਾਵਾਂ- ਵਰਿੰਦਰ ਕੌਰ ਰੰਧਾਵਾਂ.....** 25

**ਕਵਿਤਾ- ਧਨੀਰ ਰਾਮ ਚਾਤ੍ਰਿਕ.................** 26

**ਸੰਪਰਕ ਅਤੇ ਪਤਾ**

ਸਕੇਪ ਪੰਜਾਬ ਦਫ਼ਤਰ, ਲੋਟਸ ਇੰਨਫੋਟੈੱਕ, ਭੁਪਿੰਦਰਾ ਕੰਪਲੈਕਸ, ਸਤਨਾਮਪੁਰਾ, ਫਗਵਾੜਾ।

**ਮੋਬਾਇਲ**

+91 92178 89160, +91 98720 07176

**ਈ-ਮੇਲ : scapepunjab@gmail.com**

**ਜ਼ਰੂਰੀ ਸੂਚਨਾ:** ਸਕੇਪ ਪੰਜਾਬ ਦਾ ਈ-ਮੈਗਜ਼ੀਨ **'ਪ੍ਰਤਿਬਿੰਬ'** ਮੁਫ਼ਤ ਮੈਗਜ਼ੀਨ ਹੈ ਜਿਸ ਦਾ ਤੁਸੀਂ ਸਕੇਪ ਪੰਜਾਬ ਦੀ ਵੈੱਬਸਾਇਟ ਤੋਂ ਉਤਾਰਾ ਕਰ ਸਕਦੇ ਹੋ। ਸਕੇਪ ਪੰਜਾਬ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਰਚਨਾਵਾਂ ਦੀ ਮੌਲਿਕਤਾ, ਨਵੀਨਤਾ ਦਾ ਅਧਿਕਾਰ ਖ਼ੁਦ ਲੇਖਕ ਦਾ ਹੋਵੇਗਾ।



## ਸੰਪਾਦਕੀ-ਇੱਕ ਸਵਾਲ

**ਐੱਸ. ਬਲਵੰਤ**

ਦੁਨੀਆਂ ਭਰ ਵਿਚ ਸ਼ੋਰ ਹੈ। ਪੰਜਾਬ ਵਿਚ ਚੋਣਾਂ ਦਾ। ਦੇਸ਼ ਵਿਚ ਅਸੁਰੱਖਿਆ ਦਾ। ਸੰਸਾਰ ਵਿਚ ਚੌਧਰ ਦਾ। ਸਾਹਿਤ ਵਿਚ ਕੁਰਸੀਆਂ ਦਾ। ਔਰਤਾਂ ਵਿਚ ਔਰਤ ਦੀ ਆਜਾਦੀ ਦਾ। ਵਿਦੇਸ਼ਾਂ ਚ ਬੈਠੇ ਪੰਜਾਬੀਆਂ ਚ ਪੰਜਾਬ ਦਾ ਬੇੜਾ ਗਰਕ ਹੋ ਜਾਣ ਦਾ। ਪਰ ਜੋ ਸਭ ਤੋਂ ਵੱਧ ਪਰੇਸ਼ਾਨ ਕਰਨ ਵਾਲੀ ਗੱਲ ਲਗਦੀ ਹੈ ਉਹ ਇਹ ਕਿ ਸਹਿਜਧਾਰੀ ਸਿੱਖਾਂ ਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿਚ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਕਰਨ ਦਾ। ਜੇ ਸਹਿਜ ਨਾਲ ਦੇਖਿਆ ਜਾਵੇ ਤਾਂ ਇਹ ਕੋਈ ਛੋਟਾ ਫੈਸਲਾ ਨਹੀਂ ਹੈ ਬਲਕਿ ਇਕ ਸੋਚੀ ਸਮਝੀ ਸਾਜਿਸ਼ ਦਾ ਅੰਸ਼ ਹੀ ਲਗਦੈ। ਇਸ ਫੈਸਲੇ ਨੂੰ ਪਾਰਲੀਮੈਂਟ ਦੇ ਦੋਹਾਂ ਸਦਨਾਂ ਦੀ ਮੰਨਜ਼ੂਰੀ ਬਾਅਦ ਰਾਸ਼ਟਰਪਤੀ ਵਲੋਂ ਵੀ ਪ੍ਰਵਾਨਗੀ ਮਿਲਣ ਬਾਅਦ ਹੁਣ ਇਹ ਐਕਟ ਬਣ ਚੁਕਾ ਹੈ।

ਕਦੇ ਮੌਲਦੇ ਤੇ ਖੁਸ਼ਬੂ ਖਿਲਾਰਦੇ ਪੰਜਾਬ ਦੀਆਂ ਸਰਹੱਦਾਂ ਦਿੱਲੀ ਤੋਂ ਸ਼ੁਰੂ ਹੁੰਦੀਆਂ ਸਨ ਤੇ ਮਹਾਰਾਜਾ ਰਣਜੀਤ ਸਿੰਘ ਵੇਲੇ ਤਾਂ ਇਹ ਸਰਹੱਦਾਂ ਅਫਗਾਨਿਸਤਾਨ ਤਕ ਫੈਲੀਆਂ ਹੋਈਆਂ ਸਨ। ਉਸ ਵੇਲੇ ਅੰਗ੍ਰੇਜਾਂ ਤੇ ਮਗਰੋਂ "ਭਾਰਤੀ ਅੰਗ੍ਰੇਜਾਂ" ਵਲੋਂ ਪੰਜਾਬ ਦੇ ਸੀਨੇ ਨੂੰ ਵੱਢਦਿਆਂ-ਚੀਰਦਿਆਂ ਹੌਲੀ ਹੌਲੀ ਉਸ ਨੂੰ ਹੋਰ ਸੁੰਗੜਦਾ ਕਰਨ ਦੀਆਂ ਸਾਜਿਸ਼ਾਂ ਹੁੰਦੀਆਂ ਰਹੀਆਂ। ਇਥੋਂ ਤਕ ਕਿ ਭਾਰਤ ਦੀ ਵੰਡ ਵੇਲੇ ਪੰਜਾਬ ਨੂੰ ਦੋ ਹਿੱਸਿਆਂ ਚ ਵੰਡ ਕੇ ਇਸ ਦਾ ਕਾਫੀ ਸਾਰਾ ਹਿੱਸਾ ਪਾਕਿਸਤਾਨ ਦੀ ਝੋਲੀ ਵਿਚ ਪਾ ਦਿੱਤਾ ਗਿਆ । ਹਿਮਾਚਲ, ਜੰਮੂ ਤੇ ਮਗਰੋਂ ਹਰਿਆਣਾ ਬਣਾਅ ਇਸ ਦੀਆਂ ਬਾਹਾਂ ਹੋਰ ਕੱਟ ਦਿੱਤੀਆਂ ਗਈਆਂ ਤੇ ਪੰਜਾਬ ਨੂੰ ਇਕ ਨਿੱਕੀ ਜਿਹੀ ਸੂਬੀ ਬਣਾ ਦਿੱਤਾ ਗਿਆ। ਫਿਰ ਉਹਨਾਂ ਹੀ ਨੀਤੀਆਂ ਅਧੀਨ ਤੇ ਨਿੱਤ ਨਵੀਆਂ ਤੇ ਕੋਝੀਆਂ ਹਰਕਤਾਂ ਕਾਰਣ ਪੰਜਾਬ ਦੀ ਨੌਜੁਆਨੀ ਮੁਹਰੇ ਹਰ ਵੇਲੇ ਖੌਫ ਖੜ੍ਹੇ ਕਰ ਦਿੱਤੇ ਜਾਂਦੇ ਰਹੇ ਜਿਸ ਨਾਲ ਪੰਜਾਬ ਦੀ ਨੌਜੁਆਨੀ ਨੂੰ ਪੰਜਾਬੋਂ ਪਲਾਇਨ ਕਰਕੇ ਹੋਰ ਇਲਾਕਿਆਂ ਵਿਚ ਜਾਣਾ ਪਿਆ । ਤੇ ਕਾਫੀ ਤਾਦਾਦ ਵਿਚ ਇਸ ਨੌਜੁਅਨੀ ਦਾ ਵਿਦੇਸ਼ੀਂ ਤੋਰਾ ਹੁੰਦਾ ਰਿਹਾ ਤੇ ਅਖੀਰ ਪੰਜਾਬ ਦੀ ਧਰਤੀ ਤੇ ਭੱਈਆ ਕਲਚਰ ਦੀ ਆਮਦ ਹੋਣ ਲੱਗ ਪਈ। ਇਕ ਜਮਾਨੇ ਵਿਚ ਪੰਜਾਬ ਚੋਂ ਤੰਬਾਕੂ ਸ਼ਬਦ ਦਾ ਨਾਮੋ-ਨਿਸ਼ਾਨ ਮਿਟ ਜਾਣ ਬਾਅਦ ਫਿਰ ਇਸ ਨੂੰ ਭੱਈਆ ਕਲਚਰ ਦੇ ਨਾਲ ਨਾਲ ਖੈਣੀਆਂ ਆਦਿ ਵਰਗੇ ਸਰੀਰਾਂ ਨੂੰ ਖੋਖਲਾ ਕਰਨ ਵਾਲੇ ਪਦਾਰਥ ਤੇ ਨਸ਼ਿਆ ਦੀ ਭਰਮਾਰ ਕਰਾਉਣੀ ਸ਼ੁਰੂ ਕਰਾ ਦਿੱਤੀ ਗਈ। ਹੁਣ ਰੌਲਾ ਪਾਇਆ ਜਾਂਦਾ ਕਿ ਪੰਜਾਬ ਵਿਚ ਡੁੱਬ ਗਿਆ ਪਰ ਇਸ ਦਾ ਕਾਰਨ ਵੀ ਪੰਜਾਬ ਨੂੰ ਖੋਖਲਾ ਬਨਾਉਣ ਦੀ ਸਾਜਿਸ਼ ਤਹਿਤ ਦੇਖੀਏ ਤਾਂ ਸਿਧੀ ਸਮਝ ਆ ਸਕਦੀ ਹੈ ਕਿਉਂਕਿ ਨਸ਼ਿਆ ਦੀ ਭਰਮਾਰ ਵੀ ਉਸੇ ਸੋਚੀ ਸਮਝੀ ਸਾਜਿਸ਼ ਦਾ ਹਿੱਸਾ ਹੀ ਗਿਣੇ ਜਾ ਸਕਦੇ ਹਨ। ਹੌਲੀ ਹੌਲੀ ਪੰਜਾਬ ਚ ਹਕੂਮਤ ਕਰਨ ਵਾਲੀਆਂ ਦੋਨੋਂ ਪਾਰਟੀਆਂ, ਅਕਾਲੀ ਤੇ ਕਾਂਗਰਸ, ਲੋਕਾਂ ਸਾਹਵੇਂ ਛਿੱਥੀਆਂ ਹੀ ਨਹੀਂ ਪਈਆਂ ਸਗੋਂ ਪੁਰੀ ਤਰ੍ਹਾਂ ਨੰਗੀਆਂ ਵੀ ਹੋ ਚੁਕੀਆਂ ਹਨ। ਕਿਸਾਨਾਂ, ਕਿਰਤੀਆਂ ਤੇ ਆਰਥਿਕ ਤੌਰ ਤੇ ਕਮਜੋਰ ਵਰਗਾਂ ਦੇ ਹਿਤੈਸ਼ੀ ਕਮਿਊਨਿਸਟ ਵੀ ਲੋਕਾਂ ਜਾਂ ਪੰਜਾਬ ਲਈ ਕੁਝ ਨਹੀਂ ਕਰ ਸਕੇ ਤੇ ਖੁਦ ਜਾਤਾਂ-ਪਾਤਾਂ ਚ ਵੰਡੀ ਪਾਈ ਬੈਠੇ ਹਨ। ਤੇ ਹੁਣ ?

ਤੇ ਹੁਣ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਦੇਖਣ ਲਈ 1925 ਚ ਬਣਾਈ ਗਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸਭ ਤੋਂ ਖਤਰਨਾਕ ਬੰਬ ਚਲਾਇਆ ਗਿਆ ਹੈ ਕਿ ਇਸ ਪੰਜਾਬ ਤੇ ਪੰਜਾਬ ਦੇ ਸਭਿਆਚਾਰ ਚ ਮੂਲ ਹਿੱਸਾ ਪਾਉਣ ਵਾਲੇ ਅਹਿਮ ਤੇ ਇਸ ਦੇ ਖੈਰ-ਖੁਆਹਾਂ ਤੋਂ ਵੋਟ ਦਾ ਅਧਿਕਾਰ ਖੋਹ ਕੇ ਇਹਨਾਂ ਹੋਰ ਨੂੰ ਇਕ ਖੂੰਜੇ ਲਗਾ ਦਿੱਤਾ ਜਾਵੇ ਜਾਂ ਅੱਗੋਂ ਪੰਜਾਬ ਵਿਚ ਹੋਰ ਵੰਡੀਆਂ ਪਾ ਦਿੱਤੀਆਂ ਜਾਣ। ਅਸਲ ਵਿਚ ਜੇ ਇਸ ਐਕਟ ਤੇ ਇਤਿਹਾਸਿਕ ਝਾਤ ਮਾਰੀਏ ਤਾਂ ਇਸ ਨੂੰ ਸਮਝਣਾ ਔਖਾ ਨਹੀਂ ਕਿ ਇਹ ਐਕਟ ਸਮੁੱਚੇ ਪੰਜਾਬੀ ਭਾਈਚਾਰੇ ਚ ਵੰਡੀਆਂ ਪਾਉਣ ਤੇ ਕੁਰੱਪਸ਼ਨ ਕਰਨ ਚ ਇਕ ਅਹਿਮ ਰੋਲ ਅਦਾ ਕਰਦਾ ਰਿਹਾ ਹੈ।

ਅੰਗਰੇਜਾਂ ਦੀ ਹਕੂਮਤ ਵੇਲੇ ਜਦੋਂ ਸ਼ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ ਤਾਂ ਅਜਿਹੇ ਐਕਟ ਦੀ ਲੋੜ ਮਹਿਸੂਸ ਕੀਤੀ ਗਈ ਜਾਂ ਇਹ ਕਹਿ ਲਓ ਕਿ ਸਿੱਖਾਂ ਵਿਚ ਵੰਡੀਆਂ ਪਾਉਣ ਲਈ ਇਸ ਐਕਟ ਦੀ ਸਥਾਪਨਾ ਇਕ ਆਧਾਰ ਬਣ ਗਈ। 1925 ਵਿਚ ਇਸ ਵਿਚ ਕਮੇਟੀ ਨੂੰ ਚੁਣਨ ਲਈ ਜਦੋਂ ਇਹ ਐਕਟ ਪਾਸ ਕੀਤਾ ਗਿਆ ਤਾਂ ਇਸ ਮੁਤਾਬਕ ਜੇ ਕਿਸੇ ਵੋਟ ਪਾਉਣ ਵਾਲੇ ਤੇ ਕੋਈ ਸ਼ੰਕਾ ਹੋਵੇ ਤਾਂ ਉਸ ਨੂੰ ਇਹ ਡਿਕਲੇਅਰ ਕਰਨਾ ਜਰੂਰੀ ਸੀ ਕਿ ਉਹ ਆਪਣੇ ਆਪ ਨੂੰ ਸਿੱਖੀ ਦਾ ਪੈਰੋਕਾਰ ਸਮਝਦਾ ਹੋਵੇ, ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੋਵੇ, ਦਸਾਂ ਗੁਰੂਆਂ ਵਿਚ ਵਿਸ਼ਵਾਸ ਰੱਖਦਾ ਹੋਵੇ, ਕਿਸੇ ਹੋਰ ਧਰਮ ਨੂੰ ਨਾ ਮੰਨਦਾ ਹੋਵੇ। ਪਰ ਇਸ ਵਿਚ ਫਿਰ ਇਸ ਵਿਚ ਸੋਧ ਕੀਤੀ ਗਈ ਕਿ ਉਹ ਵਿਅਕਤੀ ਵੋਟ ਨਹੀਂ ਪਾ ਸਕਦਾ ਜੋ ਆਪਣੀ ਦਾਹੜੀ ਜਾਂ ਕੇਸ ਕੱਟਦਾ ਹੋਵੇ, ਕਿਸੇ ਵੀ ਸ਼ਕਲ ਵਿਚ ਤੰਬਾਕੂ ਦੀ ਵਰਤੋਂ ਕਰਦਾ ਹੋਵੇ, ਸ਼ਰਾਬ ਪੀਂਦਾ ਹੋਵੇ। 1959 ਵਿਚ ਫਿਰ ਇਸ ਵਿਚ ਤਰਮੀਮ ਕੀਤੀ ਗਈ ਕਿ ਸਹਿਜਧਰੀ ਸਿੱਖ ਉਸ ਨੂੰ ਹੀ ਮੰਨਿਆ ਜਾਵੇ, ਜੋ ਖੁਸ਼ੀ-ਗਮੀ ਦੇ ਸਾਰੇ ਕਾਰ-ਵਿਹਾਰ ਸਿੱਖ ਧਰਮ ਦੀਆਂ ਰੀਤਾਂ ਮੁਤਾਬਕ ਕਰਦਾ ਹੋਵੇ, ਤਮਾਕੂ ਜਾਂ ਹਲਾਲ ਮੀਟ ਦੀ ਕਿਸੇ ਵੀ ਸ਼ਕਲ

ਵਿਚ ਵਰਤੋਂ ਨਾ ਕਰਦਾ ਹੋਵੇ, ਪਤਿਤ ਨਾ ਹੋਵੇ, ਮੂਲ-ਮੰਤ੍ਰ ਸੁਣਾ ਸਕਦਾ ਹੋਵੇ। ਤੇ ਹੁਣ ਜੋ ਐਕਟ ਪਾਸ ਹੋਇਆ ਹੈ ਉਸ ਅਨੁਸਾਰ ਉਹ ਵਿਅਕਤੀ ਵੋਟ ਨਹੀਂ ਪਾ ਸਕਦਾ ਜੋ ਮੀਟ, ਸ਼ਰਾਬ ਜਾਂ ਤਮਾਕੂ ਦੀ ਵਰਤੋਂ ਕਰਦਾ ਹੋਵੇ, ਕੇਸ ਜਾਂ ਕਿਸੇ ਅੰਗ ਦੇ ਵਾਲ ਕੱਟਦਾ ਹੋਵੇ। ਕਿਹਾ ਇਹ ਜਾ ਰਿਹਾ ਹੈ ਕਿ ਇਸ ਐਕਟ ਅਨੁਸਾਰ ਸਿੱਖਾਂ ਦੀ ਕਰੀਬ ਪਚੱਤਰ ਫੀਸਦੀ ਵਸੋਂ ਗੁਰਦੁਅਰਿਆਂ ਦੇ ਪ੍ਰਬੰਧ ਲਈ ਪ੍ਰਤੀਨਿਧ ਚੁਣਨ ਤੋਂ ਵਾਂਝੀ ਰਹਿ ਜਾਏਗੀ ਤੇ ਸਿੱਖ ਧਰਮ ਨੂੰ ਇਸ ਨਾਲ ਬਹੁਤ ਨੁਕਸਾਨ ਹੋਵੇਗਾ ਤੇ ਸਿੱਖ ਭਾਈਚਾਰੇ ਵਿਚ ਵੰਡੀਆਂ ਹੋਰ ਵਧਣਗੀਆਂ।

ਯਾਦ ਰੱਖਣ ਵਾਲੀ ਗੱਲ ਹੈ ਡਿਕਸ਼ਨਰੀ ਵਿਚ “ਸਿੱਖ” ਸ਼ਬਦ ਦੇ ਅਰਥ ਲਗਪਗ “ਰੱਬ ਨੂੰ ਤਲਾਸ਼ਣ ਵਾਲਾ ਵਿਦਿਆਰਥੀ” ਕਹੇ ਗਏ ਹਨ ਤੇ ਜਦੋਂ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਹੋਂਦ ਬਾਰੇ ਸੋਚਿਆ ਤਾਂ ਉਹਨਾਂ ਨੇ ਹਿੰਦੂ ਧਰਮ ਚ ਫੈਲੀ ਜਾਤ-ਪਾਤ, ਬ੍ਰਾਹਮਣ-ਪੁਜਾਰੀਵਾਦ, ਰੱਬੀ-ਜਾਦੂਗਰੀ, ਮੂਰਤੀ-ਪੂਜਾ, ਜਾਂ ਧਾਰਮਿਕ ਤੀਰਥ-ਸਥਾਨਾਂ ਦੀ ਯਾਤਰਾ ਦੇ ਵਿਰੋਧ ਵਿਚ ਇਸ ਸ਼ਬਦ ਦੀ ਤਲਾਸ਼ ਕੀਤੀ। ਉਹਨਾਂ ਸਿੱਖ ਧਰਮ ਦੀ ਸਥਾਪਨਾ ਲਈ ਹਿੰਦੂ ਤੇ ਇਸਲਾਮਿਕ ਧਰਮਾਂ ਚੋਂ ਮਨੁੱਖਤਾ ਦੀ ਬਿਹਤਰੀ ਲਈ ਜੋ ਵਧੀਆ ਸੀ ਇਕੱਤ੍ਰਿਤ ਕੀਤਾ ਤੇ ਸਿਖ ਧਰਮ ਦੀ ਸਥਾਪਨਾ ਕੀਤੀ। ਇਸੇ ਸਿੱਖਿਆ ਅਨੁਸਾਰ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਹੋਈ ਤਾਂ ਉਸ ਵਿਚ ਹਰ ਧਰਮ ਦੇ ਲੋਕਾਂ ਦੀ ਬਾਣੀ ਸ਼ਾਮਿਲ ਕੀਤੀ ਗਈ ਜਿਵੇਂ ਕਿ ਕਬੀਰ (ਜੁਲਾਹਾ), ਨਾਮਦੇਵ (ਛੀਂਬਾ), ਸ਼ੇਖ ਫਰੀਦ (ਮੁਸਲਮਾਨ ਸੂਫੀ) ਵਰਗੇ ਵਿਚਾਰਵਾਨਾਂ ਦੀਆਂ ਕਿਰਤਾਂ ਸ਼ਾਮਿਲ ਕੀਤੀਆਂ ਗਈਆਂ। ਗੁਰਦੁਆਰੇ ਦਾ ਕਾਨਸੈਪਟ ਹੀ ਇਹ ਹੈ ਕਿ ਗੁਰੂ ਦੇ ਚਾਰੋਂ ਦੁਆਰ ਖੁੱਲ੍ਹੇ ਹਨ ਅਤੇ ਕਿਸੇ ਵੀ ਧਰਮ, ਜਾਤ-ਪਾਤ ਦਾ ਮਾਨਸ ਇਸ ਥਾਂ ਆ ਕੇ ਰੱਬ ਦੀ ਤਲਾਸ਼ ਕਰ ਸਕਦਾ ਤੇ ਰੱਬ ਨਾਲ ਲਿਵ ਲਾ ਕੇ ਉਸ ਨੂੰ ਪ੍ਰਾਪਤ ਕਰ ਸਕਦਾ। ਇਸੇ ਕਰਕੇ ਹਰਿਮੰਦਰ ਸਾਹਿਬ ਦੇ ਚਾਰ ਦੁਆਰ ਬਣਾਏ ਗਏ ਤਾਂ ਕਿ ਜੋ ਵੀ, ਜਿੱਥੋਂ ਵੀ, ਜਿਸ ਵੀ ਧਰਮ ਚੋਂ ਜਾਂ ਗਰੀਬ-ਅਮੀਰ ਲਈ ਸਭ ਦੁਆਰ ਖੁੱਲ੍ਹੇ ਹਨ ਤੇ ਇਹੀ ਆਧਾਰ ਹੈ ਲੰਗਰ ਦਾ ਕਿ ਕੋਈ ਵੀ ਲੋੜਵੰਦ ਇਸ ਲੰਗਰ ਵਿਚ ਆ ਕੇ ਭੋਜਨ ਪ੍ਰਾਪਤ ਕਰ ਸਕਦਾ। ਪਿਆਊ ਤੇ ਪਾਣੀ ਪੀ ਸਕਦਾ।

ਕਹਿਣ ਦਾ ਭਾਵ ਇਹ ਹੈ ਕਿ ਜਦੋਂ ਸਿੱਖ ਧਰਮ ਦੀ ਸਥਾਪਨਾ ਹੋਈ ਤਾਂ ਉਸ ਵੇਲੇ ਕਿਸੇ ਨੇ ਕੇਸਧਾਰੀ ਹੋਣਾ ਜਾਂ ਨਾ ਹੋਣ ਦਾ ਉਪਦੇਸ਼ ਨਹੀਂ ਦਿੱਤਾ। ਜਦੋਂ ਦਸਵੇਂ ਗੁਰੂ ਦੇ ਸਾਹਮਣੇ ਮੁਗਲ ਹਕੂਮਤ ਦੀਆਂ ਵੰਗਾਰਾਂ ਆਈਆਂ ਤਾਂ ਉਸ ਜੁਲਮ ਦੇ ਖਿਲਾਫ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦੀ ਸਥਾਪਨਾ ਕੀਤੀ ਤੇ ਉਸ ਦਾ ਆਧਾਰ ਬਹਾਦੁਰੀ ਦਾ ਪ੍ਰਤੀਨਿਧਤਵ ਮਿਥਿਆ । ਉਹਨਾਂ ਨੇ ਸਿੰਘ ਨਾਂਅ ਵੀ ਇਸੇ ਕਰਕੇ ਪ੍ਰਦਾਨ ਕੀਤਾ ਕਿ ਸਿੰਘ ਦਾ ਮਤਲਬ ਸ਼ੇਰ ਹੈ ਤੇ ਗੁਰੂ ਦੀ ਫੌਜ ਦਾ ਹਰ ਸਿਪਾਹੀ ਇਕ ਸ਼ੇਰ ਹੀ ਹੋ ਸਕਦਾ। ਉਸ ਵੇਲੇ ਦੀ ਲੋੜ ਅਨੁਸਾਰ ਸਿੰਘ ਨੂੰ ਪੰਜ ਕੱਕਿਆਂ ਦੀ ਦੇਣ ਦਿੱਤੀ ਕਿਉਂਕਿ ਇਹ ਉਸ ਸਮੇਂ ਦੀ ਲੋੜ ਸੀ। ਪਰ ਨਾਲ ਹੀ ਉਹਨਾਂ ਆਪਣੇ ਹਰ ਸਿਪਾਹੀ ਨੂੰ ਮਾਰਸ਼ਲ ਆਰਟ ਦੀ ਸਿੱਖਿਆ ਦੇਣੀ ਵੀ ਜਰੂਰੀ ਸਮਝੀ । ਉਹਨਾਂ ਇਸੇ ਆਰਟ ਦੇ ਗੁਰ ਹਰ ਸਿੰਘ ਨੂੰ ਸਿਖਾਏ ਤੇ ਇਸੇ ਕਾਰਣ ਮੁਗਲਾਂ ਤੇ ਹੋਰ ਵੈਰੀਆਂ ਦੇ ਛੱਕੇ ਛੁੜਾਉਣ ਵਿਚ ਕਾਮਯਾਬੀ ਹਾਸਿਲ ਕੀਤੀ ਤੇ ਸਿਖੀ ਦੀ ਹੋਂਦ ਨੂੰ ਦੁਨੀਆਂ ਭਰ ਦੇ ਸਮਾਜਕ ਵਰਤਾਰੇ ਵਿਚ ਉਤਮ ਕਰ ਨਿਤਾਰਿਆ।

ਅੱਜ ਜਦੋਂ ਇਹ ਨਿਯਮ ਪਾਸ ਹੁੰਦਾ ਹੈ ਕਿ ਸਿਰਫ ਕੇਸਧਾਰੀ ਹੀ ਵੋਟ ਪਾ ਕੇ ਸਿੱਖੀ ਦੇ ਪ੍ਰਬੰਧ ਵਿਚ ਹਿੱਸਾ ਲੈ ਸਕਦਾ ਹੈ ਜਾਂ ਇਸ ਦੀ ਬਿਹਤਰੀ ਲਈ ਯੋਗਦਾਨ ਪਾ ਸਕਦਾ ਹੈ ਤਾਂ ਅਫਸੋਸ ਹੁੰਦਾ ਹੈ ਕਿ ਐਨੇ ਧੋਖੇ ਖਾ ਕੇ ਵੀ ਸਿਖੀ ਦੇ ਮੁਹਰਲੇ ਪ੍ਰਤੀਨਿਧ ਆਪਣੀ ਅਕਲ ਤੇ ਪਰਦਾ ਪਾਈ ਪੰਜਾਬੀਅਤ ਨੂੰ ਖਤਮ ਕਰਨ ਵਿਚ ਉਹਨਾਂ ਲੋਕਾਂ ਦੇ ਹੱਥਠੋਕੂ ਬਣ ਰਹੇ ਹਨ ਜੋ ਇਸ ਨੂੰ ਖਤਮ ਕਰਨ ਦੇ ਸੁਪਨੇ ਲੈ ਰਹੇ ਹਨ ਤੇ ਉਹਨਾਂ ਦੇ ਮਨਸੂਬਿਆਂ ਨੂੰ ਪੂਰਾ ਕਰਨ ਵਿਚ ਸਹਾਈ ਹੋ ਰਹੇ ਹਨ ?

## ਪਾਠਕ/ਲੇਖਕ ਧਿਆਨ ਦੇਣ

- ਸਮੂਹ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਈ-ਮੈਗਜ਼ੀਨ ਪ੍ਰਤਿਬਿੰਬ ਵਿੱਚ ਛਪੀਆਂ ਰਚਨਾਵਾਂ ਬਾਰੇ ਆਪਣੀ ਉਸਾਰੂ ਪ੍ਰਤਿਕਰਮ ਸਾਡੀ ਈ-ਮੇਲ scapepunjab@gmail.com ਤੇ ਭੇਜਣ ਦੀ ਖੇਚਲ ਕਰਨ।
- ਲੇਖਕ ਆਪਣੀਆਂ ਰਚਨਾਵਾਂ, ਪੁਸਤਕਾਂ ਅਤੇ ਖੋਜ ਪੱਤਰ ਸਕੇਪ ਪੰਜਾਬ ਦੀ ਈ-ਮੇਲ ਜਾਂ ਦਫ਼ਤਰ ਪਤੇ ਤੇ ਭੇਜ ਸਕਦੇ ਹਨ ।
- ਜੇਕਰ ਆਪ ਜੀ ਨੂੰ ਪ੍ਰਤਿਬਿੰਬ ਰਸਾਲੇ ਵਿੱਚ ਛੱਪੇ ਕਿਸੇ ਰਚਨਾਂ ਸਬੰਧੀ ਕੋਈ ਇਤਰਾਜ਼ ਹੈ ਤਾਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ ਤਾਂ ਜੋ ਉਸ ਸਬੰਧੀ ਅਗਲੇਰੀ ਕਾਰਵਾਈ ਕਰ ਸਕੀਏ।
- ਸਕੇਪ ਪੰਜਾਬ ਦੀ ਵੈੱਬਸਾਇਟ ਤੋਂ ਇਲਾਵਾ ਕਿਸੇ ਹੋਰ ਥਾਂ ਤੋਂ ਡਾਉਨਲੋਡ/ਪੜ੍ਹੇ ਗਏ ਈ-ਮੈਗਜ਼ੀਨ ਨਾਲ ਸਾਡਾ ਕੋਈ ਸਬੰਧ ਨਹੀ ਹੋਵੇਗਾ।



ਨਾਰੀ ਸਰੋਕਾਰ

ਕਰਮਜੀਤ ਕੌਰ ਕਿਸ਼ਾਂਵਲ

## ਵਸਤੂ ਅਰਥਾਂ ਤੱਕ ਸੀਮਤ ਔਰਤ ਦਾ ਵਜੂਦ

ਨਾਰੀ ਸਮੇਂ-ਸਮੇਂ 'ਤੇ ਸਾਹਿਤ, ਧਰਮ, ਦਰਸ਼ਨ ਤੇ ਹੋਰ ਵਿਸ਼ਿਆਂ ਦਾ ਕੇਂਦਰ ਬਣਦੀ ਰਹੀ ਹੈ। ਭਾਰਤੀ ਸਾਹਿੱਤ, ਸਮਾਜ ਤੇ ਸੱਭਿਆਚਾਰ ਦੇ ਇਤਿਹਾਸ ਉੱਤੇ ਨਜ਼ਰ ਮਾਰੀਏ, ਤਾਂ ਨਾਰੀ ਗੁਲਾਮੀ ਦੇ ਅਣਗਿਣਤ ਹਵਾਲੇ ਮਿਲਦੇ ਹਨ। ਔਰਤ ਦੀ ਸਥਿਤੀ ਪਰਿਵਾਰਕ ਤੇ ਸਾਮਾਜਿਕ ਪੱਖੋਂ ਗੁਲਾਮੀ ਵਾਲੀ, ਸਿੱਖਿਆ ਤੋਂ ਵਾਂਝੀ ਅਤੇ ਮਰਦ ਦੀ ਅਧੀਨਗੀ ਵਾਲੀ ਰਹੀ ਹੈ।

ਨਾਰੀ ਦੀ ਲਿੰਗਿਕ ਆਧਾਰ 'ਤੇ ਪਛਾਣ ਲਈ ਸ਼ਬਦ ''ਔਰਤ'' ਵੀ ਆਪਣੇ ਆਪ ਵਿੱਚ ਨੀਚਤਾ ਅਤੇ ਕਮਜ਼ੋਰੀ ਦਾ ਪ੍ਰਤੀਕ ਹੈ। 'ਔਰਤ' ਸ਼ਬਦ ਫਾਰਸੀ ਮੂਲ ਦੇ ਸ਼ਬਦ ''ਅਵਰਾਹ'' ਤੋਂ ਬਣਿਆ ਹੈ। ETYMALOGICALLY, ਅਵਰਾਹ ਸ਼ਬਦ ਦਾ ਅਰਥ ਹੈ-'ਪਾਪੀ, ਦੋਸ਼ੀ, ਕਮਜ਼ੋਰ' ਆਦਿ। ਕੁਰਆਨ ਵਿੱਚ ਔਰਤ ਵਾਸਤੇ 'ਅਵਰਾਹ' ਸ਼ਬਦ ਦੀ ਵਰਤੋਂ ਹੋਈ ਹੈ। "ਅਵਰਾਹ" ਉਹ ਸਥਾਨ ਹੁੰਦਾ ਹੈ, ਜਿਸ ਨੂੰ ਕੋਈ ਕੰਧ ਨਹੀਂ ਹੁੰਦੀ। ਉਸ ਉੱਪਰ ਕੋਈ ਵੀ ਕਬਜ਼ਾ ਕਰ ਸਕਦਾ ਹੈ। ਬੁੱਧ ਧਰਮ ਤੇ ਜੈਨ ਧਰਮ ਵਿੱਚ ਵੀ ਇਸਤਰੀ ਦੀ ਸਥਿਤੀ ਸੰਤੁਸ਼ਟੀਜਨਕ ਨਹੀਂ ਸੀ। ਇਨ੍ਹਾਂ ਧਰਮਾਂ ਵਿੱਚ ਕਾਮ-ਵਾਸਨਾ ਤੋਂ ਦੂਰ ਰਹਿਣ ਲਈ ਪ੍ਰੇਰਣਾ ਦਿੱਤੀ ਗਈ ਹੈ ਅਤੇ ਕਾਮ-ਵਾਸਨਾ ਦਾ ਕੇਂਦਰ ਇਸਤਰੀ ਨੂੰ ਪ੍ਰਵਾਨ ਕਰਕੇ ਉਸ ਨੂੰ ਤਿਆਗਣ ਦਾ ਉਪਦੇਸ਼ ਦਿੱਤਾ ਗਿਆ ਹੈ। ਡਾ. ਸ਼ਾਂਤੀ ਨਾਥ ਗੁਪਤਾ ਅਨੁਸਾਰ ਸ਼ਵੇਤਾਂਬਰ ਪਰੰਪਰਾ ਦੇ ਸ਼ਿਵਭੂਤੀ ਦਾ ਕਥਨ ਹੈ ਕਿ ਉਨਾ ਚਿਰ ਇਸਤਰੀ ਨੂੰ ਮੁਕਤੀ ਨਹੀਂ ਮਿਲ ਸਕਦੀ, ਜਿੰਨਾ ਚਿਰ ਉਹ ਆਦਮੀ ਦੇ ਰੂਪ ਵਿੱਚ ਜਨਮ ਨਹੀਂ ਲੈਂਦੀ।

(ਭਾਰਤੀ ਦਰਸ਼ਨ ਪੰਨਾ 74)

ਮੁਗਲ ਕਾਲ ਦੌਰਾਨ ਵੀ ਇਸਤਰੀ ਭੋਗਣ ਦੀ ਵਸਤੂ ਤੋਂ ਵਧੀਕ ਸਥਾਨ ਨਹੀਂ ਸੀ ਰੱਖਦੀ ਤੇ ਉਸ ਨੂੰ ਪਰਦੇ ਤੱਕ ਸੀਮਤ ਕਰ ਦਿੱਤਾ ਗਿਆ ਸੀ ਅਰਥਾਤ ਉਸ ਨੂੰ ਬੁਰਕੇ ਵਿੱਚ ਕੈਦ ਰਹਿਣਾ ਪੈਂਦਾ ਸੀ।

ਔਰਤ ਦੀ ਆਪਣੀ ਮਾਨਸਿਕਤਾ ਜਾਂ ਔਰਤ ਪ੍ਰਤੀ ਮਰਦ ਦੀ ਮਾਨਸਿਕਤਾ ਬਣਨ ਵਿੱਚ ਸਾਡੇ ਸਮਾਜ ਦਾ ਹੀ ਯੋਗਦਾਨ ਹੁੰਦਾ ਹੈ। ਜਿਸ ਸਮਾਜ ਵਿੱਚ ਅਸੀਂ ਵਿਚਰਦੇ ਹਾਂ, ਸਾਡਾ ਮਨ ਉਸੇ ਸਮਾਜ ਦੀ ਘਾੜਤ ਹੁੰਦਾ ਹੈ। ਯੈਕ ਲਾਰਾ ਅਨੁਸਾਰ ਮਨ ਵੀ ਭਾਸ਼ਾ ਵਾਂਗ ਸੰਰਚਿਤ ਹੈ। ਭਾਰਤੀ ਸਮਾਜ ਸਿਰਜਣ ਵਿੱਚ ਆਰੀਅਨ ਵਿਚਾਰਧਾਰਾ ਵਾਲਾ ਗਿਆਨ ਸ਼ਾਸਤਰ ਹਾਵੀ ਰਿਹਾ ਹੈ। ਇਹ ਗਿਆਨ ਸ਼ਾਸਤਰ ਸਮਾਜ ਦੇ ਸੱਭਿਆਚਾਰਕ ਤੇ ਧਾਰਮਿਕ ਵਰਤਾਰਿਆਂ ਨੂੰ ਪੁਰਖ-ਪੱਖੀ ਅਤੇ ਮਰਦਾਨਵੀ ਤੱਤਾਂ ਨੂੰ ਸਾਬਤ ਕਰਨ ਵੱਲ ਵਧੇਰੇ ਰੁਚਿਤ ਰਿਹਾ ਹੈ। ਸਮੁੱਚਾ ਆਰੀਅਨ ਸ਼ਾਸਤਰ ਤੇ ਮਨੂੰ ਸਿਮਰਤੀ ਔਰਤ ਨੂੰ ਮਰਦ ਦੀ ਵਿਅਕਤੀਗਤ ਸੰਪਤੀ ਦੇ ਰੂਪ ਵਿੱਚ ਦੇਖਦੇ ਹਨ। ਸੂਤਰਾਂ, ਸਿਮਰਤੀਆਂ ਤੇ ਆਰੀਅਨ ਗ੍ਰੰਥਾਂ ਵਿੱਚ ਇਸ ਦੇ ਸਪੱਸ਼ਟ ਹਵਾਲੇ ਮਿਲਦੇ ਹਨ ਕਿ ਇਸਤਰੀ ਧਾਰਮਿਕ, ਰਾਜਨੀਤਕ, ਆਰਥਿਕ ਤੇ ਵਿਅਕਤੀਗਤ ਪੱਖੋਂ ਅਧੀਨਗੀ ਵਾਲਾ ਜੀਵਨ ਗੁਜ਼ਾਰਦੀ ਸੀ ਅਤੇ ਹਰੇਕ ਪੱਖ ਤੋਂ ਉਸ ਦਾ ਸ਼ੋਸ਼ਣ ਹੁੰਦਾ ਸੀ। ਰਿਗਵੇਦਿਕ ਕਾਲ ਵਿੱਚ ਜੋ ਗ੍ਰੰਥ ਰਚੇ ਗਏ, ਉਨ੍ਹਾਂ ਦੇ ਹੁਕਮਨਾਮੇ ਧਰਮ ਦੇ ਨਾਂ ਉੱਤੇ ਇਸਤਰੀ ਨੂੰ ਗੁਲਾਮੀ ਵਰਤਾਰੇ ਵੱਲ ਧੱਕਦੇ ਸਨ। ਸਾਡਾ ਇਤਿਹਾਸ ਨਾਰੀ-ਵਿਰੋਧੀ ਵਰਤਾਰਿਆਂ ਨਾਲ ਭਰਪੂਰ ਹੈ ਅਤੇ ਇਹੀ ਕਾਰਨ ਹੈ ਕਿ ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤੱਕ ਇਸਤਰੀ ਜ਼ੁਲਮ ਤੇ ਸ਼ੋਸ਼ਣ ਦਾ ਸ਼ਿਕਾਰ ਰਹੀ ਹੈ। ਦੇਵਦਾਸੀ ਪਰੰਪਰਾ ਇਸ ਦਾ ਜ਼ਾਲਮਾਨਾ ਰੂਪ ਸੀ, ਜੋ ਅੱਜ ਵੀ ਭਾਰਤ ਦੇ ਕਈ ਸਥਾਨਾਂ 'ਤੇ ਪ੍ਰਚੱਲਿਤ ਹੈ। ਦਿਨ ਵੇਲੇ ਅਛੂਤ ਸਮਝੀ ਜਾਣ ਵਾਲੀ ਇਸਤਰੀ ਦੇਹ ਰਾਤ ਵੇਲੇ ਉੱਚ ਜਾਤੀ ਦੇ ਪੁਰਸ਼ਾਂ ਦੇ ਲਈ ਭੋਗ ਦੀ ਵਸਤੂ ਬਣਦੀ ਰਹੀ। ਧਾਰਮਿਕ ਮਾਨਤਾ ਮਿਲਣ ਕਾਰਨ ਇਹ ਪ੍ਰਥਾ ਹਿਮਾਚਲ ਪ੍ਰਦੇਸ਼, ਮਹਾਰਾਸ਼ਟਰ, ਤਾਮਿਲਨਾਡੂ, ਉੜੀਸਾ, ਕਰਨਾਟਕਾ, ਆਂਧਰਾ ਪ੍ਰਦੇਸ਼ ਆਦਿ ਪ੍ਰਾਂਤਾਂ ਵਿੱਚ ਲਾਗੂ ਰਹੀ। ਮੰਦਰ ਦੀ ਸੰਪਤੀ ਬਣਨ ਤੋਂ ਬਾਅਦ, ਇਹ ਗ਼ਰੀਬ ਤੇ ਦਲਿਤ ਲੜਕੀਆਂ ਦੇਵਤਿਆਂ ਦੇ ਨਾਂ 'ਤੇ ਰਜਵਾੜਿਆਂ, ਪੁਜਾਰੀਆਂ ਤੇ ਜਾਗੀਰਦਾਰਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋਣ ਲੱਗੀਆਂ। ਇਸ ਇਸਤਰੀ ਵਿਰੋਧੀ ਰਵਾਇਤ ਪਿੱਛੇ ਇਹ ਵਿਸ਼ਵਾਸ ਪ੍ਰਚੱਲਿਤ ਕਰ ਦਿੱਤਾ ਗਿਆ ਸੀ ਕਿ ਮੰਦਰਾਂ ਵਿੱਚ ਦੇਵਦਾਸੀ ਦੀ ਪ੍ਰਥਾ ਆਯੋਜਿਤ ਹੋਣ ਨਾਲ ਪਿੰਡ ਜਾਂ ਸਮਾਜ ਨੂੰ ਕੋਈ ਸੰਕਟ ਨਹੀਂ ਆਉਂਦਾ। ਦੱਖਣੀ ਭਾਰਤ ਦੇ ਕੁਝ ਪਿੰਡਾਂ ਵਿੱਚ ਅੱਜ ਵੀ ਇਹ ਕੂੜ ਪ੍ਰਥਾ ਕਿਸੇ ਨਾ ਕਿਸੇ ਰੂਪ ਵਿੱਚ ਕਾਇਮ ਹੈ। ਕਰਨਾਟਕਾ ਸਰਕਾਰ ਨੇ 1982 ਵਿੱਚ, ਆਂਧਰਾ ਪ੍ਰਦੇਸ਼ ਸਰਕਾਰ ਨੇ 1988 ਵਿੱਚ ਇਸ ਪ੍ਰਥਾ ਨੂੰ ਗ਼ੈਰ-ਕਾਨੂੰਨੀ ਐਲਾਨਿਆ ਸੀ। ਪਰ ਇਹ ਪ੍ਰਥਾ ਧਾਰਮਿਕ ਮਾਨਤਾ ਮਿਲਣ ਕਾਰਨ ਅੱਜ ਵੀ ਜਾਰੀ ਹੈ। ਕਿਹਾ ਜਾਂਦਾ ਹੈ ਕਿ ਹੁਣ ਵੀ 25000 ਦੇਵਦਾਸੀਆਂ ਤੇ ਆਂਧਰਾ ਪ੍ਰਦੇਸ਼ ਦੇ ਮਹਿਬੂਬ ਨਗਰ ਜ਼ਿਲ੍ਹੇ ਵਿੱਚ ਦੇਵਦਾਸੀਆਂ ਦੀ ਕੁੱਖੋਂ ਪੈਦਾ ਹੋਏ ਬੱਚੇ ਨਰਕ ਭਰਪੂਰ ਜੀਵਨ ਹੰਢਾਅ ਰਹੇ ਹਨ।

ਬੇਸ਼ੱਕ ਅਸੀਂ 21ਵੀਂ ਸਦੀ ਵਿੱਚ ਵਿਚਰ ਰਹੇ ਹਾਂ, ਪਰ ਸਤੀ ਪ੍ਰਥਾ, ਵਿਧਵਾ ਵਿਆਹ ਸਬੰਧੀ ਜੋ ਧਾਰਨਾਵਾਂ ਮਨੂੰ ਸਿਮਰਤੀ ਵਿੱਚ ਦਰਜ

ਹਨ, ਉਹ ਅੱਜ ਵੀ ਕਿਸੇ ਨਾ ਕਿਸੇ ਰੂਪ ਵਿੱਚ ਦੇਖਣ ਨੂੰ ਮਿਲਦੀਆਂ ਹਨ। ਬੰਗਾਲ ਦੀਆਂ ਹਿੰਦੂ ਵਿਧਵਾ ਔਰਤਾਂ ਜੋ ਮਥੁਰਾ ਤੇ ਬਿੰਦਰਾਵਨ ਦੇ ਮੰਦਰਾਂ ਵਿੱਚ ਆ ਟਿਕਦੀਆਂ ਹਨ ਜਾਂ ਭੇਜ ਦਿੱਤੀਆਂ ਜਾਂਦੀਆਂ ਹਨ, ਉਨ੍ਹਾਂ ਦੀ ਮੰਦੀ ਹਾਲਤ ਦਾ ਵੇਰਵਾ ਅੰਗਰੇਜ਼ੀ ਅਖਬਾਰ 'ਦਿ ਹਿੰਦੁਸਤਾਨ ਟਾਈਮਜ਼' ਵਿੱਚ ਮਿਤੀ 15-02-2000 ਤੇ 16-02-2000 ਵਿੱਚ ਦੋ ਕਿਸ਼ਤਾਂ ਵਿੱਚ ਅਖਬਾਰ ਦੇ ਪੱਤਰਕਾਰ ਵੱਲੋਂ ਦਿੱਤਾ ਗਿਆ ਹੈ। ਉਸ ਵਿੱਚ ਲਿਖਿਆ ਗਿਆ ਹੈ ਕਿ "Reduced to known-entities in the faimly on becoming widows, their, Traumaenhanced by Humilation and Deprivation. They came to Vrindavan to gain Nirvana. But the indifferent and callous society here only adds to their woes. Death wood certainly be Moksha for them. And it is death that they pray for more than anything else."

ਅਰਥਾਤ ਉਨ੍ਹਾਂ ਦੀ ਹਸਤੀ ਜਾਂ ਹੋਂਦ ਵਿਧਵਾ ਹੋਣ 'ਤੇ ਨਹੀਂ ਰਹਿੰਦੀ। ਉਨ੍ਹਾਂ ਦੀ ਹੋਂਦ ਖੋਹੇ ਜਾਣ 'ਤੇ ਉਹ ਦੁਖੀ ਮਨ ਨਾਲ ਵਿੰਦਰਾਵਨ ਵਿਖੇ ਨਿਵਾਰਨ ਦੀ ਪ੍ਰਾਪਤੀ ਲਈ ਆ ਜਾਂਦੀਆਂ ਹਨ। ਪਰ ਇੱਥੋਂ ਹੀ ਪੱਥਰ ਦਿਲ ਅਤੇ ਅਨਿਆਂਪੂਰਨ ਸਮਾਜ ਵਿੱਚ ਉਨ੍ਹਾਂ ਦੀਆਂ ਮੁਸੀਬਤਾਂ ਤੇ ਦੁੱਖ ਹੋਰ ਵਧ ਜਾਂਦੇ ਹਨ। ਮੌਤ ਹੀ ਉਨ੍ਹਾਂ ਦੇ ਲਈ ਮੁਕਤੀ ਹੈ, ਜਿਸ ਦੇ ਲਈ ਉਹ ਹੋਰ ਕਿਸੇ ਵਸਤੂ ਨਾਲੋਂ ਵੱਧ ਪ੍ਰਾਰਥਨਾ ਕਰਦੀਆਂ ਹਨ। ਭਾਰਤ ਦੇ ਬਹੁਤੇ ਹਿੱਸਿਆਂ ਵਿੱਚ ਅੱਜ ਵੀ ਬਾਲ ਵਿਆਹ, ਸਤੀ ਪ੍ਰਥਾ, ਦਾਜ ਪ੍ਰਥਾ, ਦੇਵਦਾਸੀ ਪਰੰਪਰਾ, ਡੈਣ ਪ੍ਰਥਾ ਵਰਗੇ ਵਰਤਾਰੇ ਨਿਰੋਲ ਔਰਤ ਵਰਗ ਨੂੰ ਨਪੀੜ ਰਹੇ ਹਨ। ਮੁੱਲ ਦੀ ਤੀਵੀਂ, ਪਾਰੋ, ਦਰੋਪਦੀ ਜਿਹੇ ਸ਼ਬਦ ਔਰਤ ਨਾਲ ਹੋ ਰਹੇ ਵਿਤਕਰੇ ਅਤੇ ਅਣਮਨੁੱਖੀ ਵਰਤਾਰੇ ਦੀ ਮੂੰਹ ਬੋਲਦੀ ਤਸਵੀਰ ਹਨ। ਜਿਨ੍ਹਾਂ ਔਰਤਾਂ ਨੂੰ ਵਿਆਹ ਦੇ ਨਾਮ 'ਤੇ ਬਿਹਾਰ, ਬੰਗਾਲ, ਉੜੀਸਾ, ਝਾਰਖੰਡ ਆਦਿ ਰਾਜਾਂ ਤੋਂ ਖਰੀਦ ਕੇ ਲਿਆਂਦਾ ਜਾਂਦਾ ਹੈ, ਉਨ੍ਹਾਂ ਨੂੰ ਉਪਰੋਕਤ ਨਾਵਾਂ ਨਾਲ ਸੱਦਿਆ ਜਾਂਦਾ ਹੈ। ਇਨ੍ਹਾਂ ਔਰਤਾਂ ਦੀ ਹਾਲਤ ਗੁਲਾਮਾਂ ਵਰਗੀ ਹੁੰਦੀ ਹੈ। ਇਨ੍ਹਾਂ ਦਾ ਨਾ ਆਪਣੇ ਸਰੀਰ ਉੱਪਰ ਅਧਿਕਾਰ ਹੁੰਦਾ ਹੈ ਤੇ ਨਾ ਹੀ ਆਪਣੇ ਮਨ ਉੱਪਰ। ਇਸ ਖਰੀਦ ਕੇ ਲਿਆਂਦੀ ਔਰਤ ਨੂੰ ਪਰਿਵਾਰ ਦੇ ਸਾਰੇ ਮਰਦ ਸਾਂਝੀ ਸੰਪਤੀ ਸਮਝਦੇ ਹਨ। ਇਨ੍ਹਾਂ ਨੂੰ ਸਿਰਫ ਵੰਸ਼ ਵਧਾਉਣ ਅਤੇ ਸਰੀਰਕ ਲੋੜਾਂ ਦੀ ਪੂਰਤੀ ਦਾ ਸਾਧਨ ਮਾਤਰ ਸਮਝਿਆ ਜਾਂਦਾ ਹੈ।

ਭਾਰਤ ਦੇ ਦੱਖਣੀ ਪ੍ਰਾਂਤਾਂ ਵਿੱਚ ਇਸਤਰੀ ਦੀ 'ਡੈਣ' ਦੇ ਨਾਂ 'ਤੇ ਹੋ ਰਹੀਆਂ ਹੱਤਿਆਵਾਂ ਨੂੰ ਉਸ ਦੇ ਆਰਥਿਕ ਤੇ ਸਰੀਰਕ ਸ਼ੋਸ਼ਣ ਦੇ ਰੂਪ ਵਿੱਚ ਵੇਖਿਆ ਜਾ ਸਕਦਾ ਹੈ। ਅਗਸਤ 2014 ਵਿੱਚ ਸੰਸਦ ਵਿੱਚ ਰਾਸ਼ਟਰੀ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਨੇ ਅੰਕੜੇ ਪੇਸ਼ ਕੀਤੇ ਸਨ, ਉਨ੍ਹਾਂ ਮੁਤਾਬਕ ਸੰਨ 2011, 2012 ਅਤੇ 2013 ਵਿੱਚ ´ਮਵਾਰ 240, 119 ਤੇ 160 ਔਰਤਾਂ ਦੀ 'ਡੈਣ' ਕਹਿ ਕੇ ਹੱਤਿਆ ਕਰ ਦਿੱਤੀ ਗਈ। ਇਸ ਦਾ ਜ਼ਿਆਦਾਤਰ ਵਿਧਵਾਵਾਂ ਨੂੰ ਸ਼ਿਕਾਰ ਬਣਾਇਆ ਗਿਆ, ਤਾਂ ਜੋ ਉਨ੍ਹਾਂ ਦੀ ਸੰਪਤੀ ਉੱਤੇ ਕਬਜ਼ਾ ਕੀਤਾ ਜਾ ਸਕੇ। ਮੱਧ ਪ੍ਰਦੇਸ਼, ਝਾਰਖੰਡ ਤੇ ਉੜੀਸਾ ਵਰਗੇ ਪੱਛੜੇ ਸੂਬਿਆਂ ਵਿੱਚ ਇਹ ਦੇਖਣ ਨੂੰ ਮਿਲ ਰਹੀ ਹੈ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਮੁਤਾਬਿਕ ਘਰੇ ਹਿੰਸਾ ਦੇ ਸੰਬੰਧ ਵਿੱਚ 3 ਤੋਂ 4 ਪ੍ਰਤੀਸ਼ਤ ਔਰਤਾਂ ਹੀ ਕੇਸ ਦਰਜ ਕਰਵਾਉਂਦੀਆਂ ਹਨ। ਬਹੁਤੀਆਂ ਔਰਤਾਂ ਘਰ ਟੁੱਟਣ ਦੇ ਡਰ ਤੋਂ ਚੁੱਪ-ਚਾਪ ਘਰੇ ਹਿੰਸਾ ਦਾ ਸ਼ਿਕਾਰ ਹੁੰਦੀਆਂ ਰਹਿੰਦੀਆਂ ਹਨ।

ਪੁਰਾਤਨ ਕਾਲ ਤੋਂ ਹੀ ਯੁੱਧਾਂ, ਦੰਗਿਆਂ, ਜਾਤੀ ਅਤੇ ਸੰਪਰਦਾਇਕ ਸੰਘਰਸ਼ਾਂ ਦੌਰਾਨ ਹੋਣ ਵਾਲੀਆਂ ਹਿੰਸਕ ਘਟਨਾਵਾਂ ਵਿੱਚ ਵੀ ਬਲਾਤਕਾਰ ਇੱਕ ਹਥਿਆਰ ਦੇ ਤੌਰ 'ਤੇ ਵਰਤੋਂ ਵਿੱਚ ਲਿਆਂਦਾ ਜਾ ਰਿਹਾ ਹੈ, ਜੋ ਕਿ ਔਰਤ ਦੀ ਤਰਾਸਦਿਕ ਹਾਲਤ ਦਾ ਇੱਕ ਹੋਰ ਕਾਰਨ ਹੈ। ਇੱਥੋਂ ਤੱਕ ਕਿ ਸੱਤਾਧਾਰੀ ਧਿਰਾਂ ਵੀ ਦੰਗਿਆਂ ਦੌਰਾਨ ਇਸਤਰੀ ਨਾਲ ਹੋਈਆਂ ਬਲਾਤਕਾਰ ਦੀਆਂ ਘਟਨਾਵਾਂ ਨੂੰ ਦਬਾ ਦਿੰਦੀਆਂ ਹਨ ਤੇ ਇਨਸਾਫ਼ ਵੀ ਨਹੀਂ ਕਰਦੀਆਂ। ਦਿੱਲੀ ਸਿੱਖ ਕਤਲੇਆਮ ਨਵੰਬਰ 84, ਗੁਜਰਾਤ ਦੰਗੇ ਤੇ ਹਰਿਆਣੇ ਵਿੱਚ ਜਾਟ ਅੰਦੋਲਨ ਦੌਰਾਨ ਹੋਈ ਹਿੰਸਾ ਇਸ ਗੱਲ ਦੀਆਂ ਗਵਾਹ ਹਨ। ਜਦੋਂ ਸਰਕਾਰਾਂ ਦਾ ਇਹੀ ਵਰਤਾਰਾ ਹੈ, ਤਾਂ ਔਰਤ ਦੀ ਅਜ਼ਾਦੀ ਕਿਵੇਂ ਰਹਿ ਸਕਦੀ ਹੈ? ਅੱਜ ਜਦੋਂ ਅਖੌਤੀ ਅਜ਼ਾਦੀ ਦੇ ਦਾਅਵੇ ਕੀਤੇ ਜਾ ਰਹੇ ਹਨ, ਤਾਂ ਬਲਾਤਕਾਰ ਦੀਆਂ ਅਣਗਿਣਤ ਘਿਣੌਣੀਆਂ ਘਟਨਾਵਾਂ ਦੇ ਹਵਾਲਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਜੁਲਾਈ 2004 ਵਿੱਚ ਮਨੀਪੁਰ ਵਿੱਚ ਮਨੋਰਮਾ ਨਾਂ ਦੀ ਲੜਕੀ ਨਾਲ ਬਲਾਤਕਾਰ ਤੋਂ ਬਾਅਦ ਮਾਰਨ ਦੀ ਘਟਨਾ ਦੇ ਪਿੱਛੇ ਸਥਾਨਕ ਔਰਤਾਂ ਨੇ ਉੱਥੇ ਤਾਇਨਾਤ ਸੈਨਿਕਾਂ ਨੂੰ ਦੋਸ਼ੀ ਠਹਿਰਾਇਆ। ਇਸੇ ਸੰਬੰਧ ਵਿੱਚ ਉਦੋਂ ਤੋਂ ਲੈ ਕੇ ਹੁਣ ਤੱਕ ਉੱਥੋਂ ਦੀਆਂ ਔਰਤਾਂ ਸੰਘਰਸ਼ਸ਼ੀਲ ਹਨ।

ਫਰੰਟ ਲਾਈਨ ਅਗਸਤ 2004 ਵਾਲੀਊਮ 21 ਇਸ਼ੂ 17 ਵਿੱਚ ਦਰਜ ਇੱਕ ਰਿਪੋਰਟ ਵਿੱਚ ਉੱਥੋਂ ਦੀਆਂ ਔਰਤਾਂ ਵੱਲੋਂ ''ਇੰਡੀਅਨ ਆਰਮੀ ਰੇਪ ਅੱਸ'' ਨਾਂ ਦੇ ਸਲੋਗਨਾਂ ਦੀਆਂ ਤਖ਼ਤੀਆਂ ਹੱਥਾਂ ਵਿੱਚ ਲੈ ਕੇ ਨਿਰਵਸਤਰ ਹੋ ਕੇ ਪ੍ਰਦਰਸ਼ਨ ਕੀਤਾ ਗਿਆ।

ਔਰਤਾਂ ਦੇ ਦੁਖਾਂਤ ਦੀ ਕੜੀ ਵਿੱਚ ਇੱਕ ਹੋਰ ਵਰਤਾਰਾ ਸ਼ਾਮਲ ਹੈ-ਉਹ ਹੈ ਔਰਤਾਂ ਦੀ ਤਸਕਰੀ। ਕਲਕੱਤਾ ਵਿੱਚ ਸੋਨਾਗਾਛੀ ਦਾ ਸਥਾਨ ਭਾਰਤ ਵਿੱਚ ਔਰਤਾਂ ਦੇ ਵਪਾਰ ਦੀ ਸਭ ਤੋਂ ਵੱਡੀ ਮੰਡੀ ਹੈ। ਯੂਕੇ ਦੀ ਪ੍ਰਸਿੱਧ ਅਖਬਾਰ ਡੇਲੀ ਮੇਲ ਆਨਲਾਈਨ 7 ਅਗਸਤ 2015 ਵਿੱਚ ਛਪੀ ਇੱਕ ਰਿਪੋਰਟ ਅਨੁਸਾਰ ਸੋਨਾਗਾਛੀ ਵਿੱਚ 14000 ਔਰਤਾਂ

ਵੇਸਵਾਗਾਮੀ ਦਾ ਧੰਦਾ ਕਰ ਰਹੀਆਂ ਹਨ। ਇਸ ਯੁੱਗ ਵਿੱਚ ਮਰਦ ਪ੍ਰਧਾਨ ਜਗੀਰੂ ਸਿਸਟਮ ਦੀ ਥਾਂ ਖ਼ਪਤਕਾਰੀ ਸਿਸਟਮ ਨੇ ਲੈ ਲਈ ਹੈ। ਇਸ ਖਪਤਕਾਰੀ ਸੱਭਿਅਤਾ ਦੇ ਸਭ ਤੋਂ ਤਕਲੀਫ਼ਦੇਹ ਤਸੀਹਿਆਂ ਦਾ ਸ਼ਿਕਾਰ ਵੀ ਔਰਤ ਹੀ ਬਣੀ ਹੈ। ਪੂੰਜੀਵਾਦ ਨੇ ਔਰਤ ਨੂੰ ਇੱਕ ਨੀਵੇਂ ਦਰਜੇ ਦਾ ਮਜ਼ਦੂਰ ਤਾਂ ਬਣਾਇਆ ਹੀ ਹੈ ਤੇ ਨਾਲ ਹੀ ਇੱਕ ਮੰਡੀ ਦੀ ਜਿਣਸ ਵਿੱਚ ਬਦਲ ਦਿੱਤਾ। ਅੱਜ ਔਰਤ ਹਿੰਸਾ ਦੀ ਸੰਸਕ੍ਰਿਤੀ ਦੇ ਉਤਪ੍ਰੇਰਕ ਰਾਜਨੀਤਕ, ਸਾਮਾਜਿਕ, ਸਸੰਸਕ੍ਰਿਤੀ, ਆਰਥਿਕ ਪੱਖ ਖੁੱਲ੍ਹੇਆਮ ਸਾਡੇ ਸਾਹਮਣੇ ਹਨ। ਬਾਜ਼ਾਰ ਦੇ ਅਰਥ ਸ਼ਾਸਤਰ ਨੇ ਔਰਤ ਨੂੰ ਮੰਡੀ ਦੀ ਇੱਕ ਵਸਤੂ ਬਣਾ ਕੇ ਰੱਖ ਦਿੱਤਾ ਹੈ ਜਾਂ ਇੰਝ ਕਹੋ ਕਿ ਆਪਣੇ ਉਤਪਾਦਾਂ ਨੂੰ ਵੇਚਣ ਤੇ ਮੁਨਾਫ਼ਾ ਕਮਾਉਣ ਲਈ ਔਰਤ ਦੀ ਵਰਤੋਂ ਆਪਣੇ ਹੱਕ ਵਿੱਚ ਕਰ ਰਿਹਾ ਹੈ। ਡਾ. ਵਨੀਤਾ ਅਨੁਸਾਰ ਉੱਤਰ ਨਾਰੀਵਾਦ ਵਿੱਚ ਜਿੱਥੇ ਇਹ ਮਸਲੇ ਸਾਹਮਣੇ ਹਨ, ਉੱਥੇ ਇਸ ਗੱਲ ਨੂੰ ਬੜੇ ਗੰਭੀਰ ਰੂਪ ਵਿੱਚ ਵਿਚਾਰਿਆ ਜਾ ਰਿਹਾ ਹੈ ਕਿ ਨਾਰੀ ਦੀ ਵਿਕਸਤ ਪੰੂਜੀਵਾਦ ਜਾਂ ਉਪਭੋਗੀ ਸਮਾਜ ਵਿੱਚ ਕੀ ਸਥਿਤੀ ਹੈ : ਜਿਸ ਵਿੱਚ ਨਵੀਂ ਤਕਨੀਕ ਦਾ ਦੌਰ ਹੈ। ਕਿਉਂਕਿ ਇਸ ਦੌਰ ਵਿੱਚ ਨਾਰੀ ਦੀ ਸਵੀ´ਿਤੀ ਦਾ ਨਵਾਂ ਮਾਡਲ ਵਿਕਸਤ ਹੋਇਆ ਹੈ। ਉਸ ਦੇ ਮਨੋਵਿਗਿਆਨ ਨਾਲ ਇਸ ਉਪਭੋਗੀ ਪ੍ਰਵਿਰਤੀ ਨੂੰ ਜ਼ਰੂਰੀ ਤੌਰ 'ਤੇ ਜੋੜਿਆ ਜਾ ਰਿਹਾ ਹੈ। ਪਹਿਲੇ ਸੰਸਾਰ ਦੀ ਨਾਰੀ ਇਸ ਮਾਡਲ ਨਾਲ ਖ਼ਾਸ ਤੌਰ 'ਤੇ ਸੰਬੰਧਿਤ ਹੋਈ ਹੈ, ਜਦੋਂ ਉਹ ਕੀਮਤਾਂ ਜਾਂ ਉਸੇ ਤਰ੍ਹਾਂ ਦਾ ਪੂੰਜੀਵਾਦ ਤੀਜੇ ਸੰਸਾਰ ਨੂੰ ਆਪਣੀ ਮੰਡੀ ਬਣਾ ਰਿਹਾ ਹੈ, ਤਾਂ ਉਹੀ ਮਾਡਲ ਤੀਜੇ ਸੰਸਾਰ ਦੀ ਔਰਤ ਲਈ ਵੀ ਲੁਭਾਵਨਾ ਹੋ ਰਿਹਾ ਹੈ। ਇਸ ਸੰਸਾਰ ਵਿੱਚ ਕਾਮਨਾ, ਡਿਜ਼ਾਇਰ ਅਤੇ ਦੇਹ ਦੇ ਅਰਥ ਬਦਲ ਰਹੇ ਹਨ। ਨਾਰੀ ਦੀ ਸੁਤੰਤਰਤਾ ਦੇ ਅਰਥ ਬਦਲ ਰਹੇ ਹਨ। ਅਜਿਹੇ ਹਾਲਾਤ ਵਿੱਚ ਇੱਕ ਨਵੀਂ ਸਪੇਸ ਜਨਮ ਲੈ ਰਹੀ ਹੈ। ਅਮਰੀਕਾ ਵਿੱਚ ਇਮਲਡਾ ਵੈ«ਮਾ ਨੇ ਇਸ ਗੱਲ ਨੂੰ ਖ਼ਾਸ ਤੌਰ 'ਤੇ ਉਠਾਇਆ ਹੈ ਕਿ ਇਸ ਮਾਹੌਲ ਵਿੱਚ ਨਾਰੀ ਦਾ ਸਭ ਤੋਂ ਵੱਧ ਸ਼ੋਸ਼ਣ ਮੀਡੀਆ ਕਰ ਰਿਹਾ ਹੈ। ਨਾਰੀ ਬਿੰਬ ਨੂੰ ਮੀਡੀਏ ਵੱਲੋਂ ਫਨਾਹ ਕੀਤਾ ਜਾ ਰਿਹਾ ਹੈ।

ਸਪੱਸ਼ਟ ਹੈ ਕਿ ਬਾਜ਼ਾਰ ਸਾਡੀ ਸੋਚ 'ਤੇ ਇਸ ਤਰ੍ਹਾਂ ਭਾਰੂ ਹੈ ਕਿ ਅਸੀਂ ਸਾਰੇ ਨੈਤਿਕ ਮੁੱਲਾਂ ਨੂੰ ਅੱਖੋਂ ਪਰੋਖੇ ਕਰਕੇ ਉਸ ਦਾ ਸ਼ਿਕਾਰ ਬਣ ਬੈਠੇ ਹਾਂ। ਭਾਵੇਂ ਇਸ ਵਿੱਚ ਇਸ਼ਤਿਹਾਰਾਂ, ਫਿਲਮਾਂ ਅਤੇ ਹੋਰ ਸੰਚਾਰ ਮਾਧਿਅਮਾਂ ਵਿੱਚ ਵਸਤਾਂ ਨੂੰ ਵੇਚਣ ਲਈ ਇਸਤਰੀ ਦੇਹ ਦੀ ਨੁਮਾਇਸ਼ ਹੋਵੇ, ਗੀਤਾਂ ਦੇ ਫਿਲਮਾਂਕਨ ਰਾਹੀਂ ਇਸਤਰੀ ਦੇਹ ਦਾ ਪ੍ਰਦਰਸ਼ਨ ਹੋਵੇ ਜਾਂ ਟੈਲੀ ਲੜੀਵਾਰਾਂ ਵਿੱਚ ਇੱਕ ਸਜ਼ਾਵਟ ਦੀ ਵਸਤੂ ਦੇ ਰੂਪ ਵਿੱਚ ਹਰ ਵੇਲੇ ਭਾਰੀ ਗਹਿਣਿਆਂ ਨਾਲ ਲੱਦੀ ਹੋਈ ਔਰਤ ਦੇ ਤੌਰ 'ਤੇ ਹੋਵੇ। ਇਸ ਨੇ ਇਸਤਰੀ ਦੇ ਅਜ਼ਾਦਾਨਾ ਸਰੂਪ ਨੂੰ ਕਰੜੀ ਸੱਟ ਮਾਰੀ ਹੈ। ਔਰਤ ਨੂੰ ਭੋਗਵਾਦੀ ਸੰਸਕ੍ਰਿਤੀ ਦਾ ਗੁਲਾਮ ਬਣਾ ਕੇ ਉਸ ਦੀ ਵਿਅਕਤੀਗਤ ਅਜ਼ਾਦੀ ਖੋਹ ਲਈ ਹੈ। ਪੋਰਨ ਫਿਲਮਾਂ ਦਾ ਲਗਾਤਾਰ ਵੱਧਦਾ ਕਾਰੋਬਾਰ ਇਸੇ ਖਪਤਕਾਰੀ ਸਿਸਟਮ ਦੀ ਉਪਜ ਹੈ। ਇੱਕ ਰਿਪੋਰਟ ਮੁਤਾਬਕ ਭਾਰਤ ਵਿਸ਼ਵ ਵਿੱਚ ਤੀਜਾ ਸਭ ਤੋਂ ਵੱਡਾ ਪੋਰਨਗ੍ਰਾਫੀ ਦਾ ਉਪਭੋਗਤਾ ਦੇਸ਼ ਬਣ ਚੁੱਕਿਆ ਹੈ। ਨਾਰੀ ਦੀ ਇੱਕ ਸੈਕਸ ਆਬਜੈਕਟ ਤੇ ਬਾਜ਼ਾਰ ਲਈ ਮੁਨਾਫਾ ਕਮਾਉਣ ਵਾਲੇ ਉਤਪਾਦ ਦੇ ਰੂਪ ਵਿੱਚ ਪੇਸ਼ਕਾਰੀ ਉਸ ਨੂੰ ਦੇਹ ਤੋਂ ਪਰ੍ਹੇ ਇੱਕ ਇਨਸਾਨ ਬਣਨ ਤੋਂ ਰੋਕਦੀ ਹੈ। ਅੱਜ ਵੀ ਸਾਡੇ ਸਮਾਜ ਵਿੱਚ ਯੌਨ ਹਿੰਸਾ, ਆਨਰ ਕਿਲਿੰਗ, ਛੇੜਖਾਨੀ, ਅਸ਼ਲੀਲ ਟਿੱਪਣੀਆਂ, ਤੇਜ਼ਾਬੀ ਹਮਲੇ, ਭਰੂਣ ਹੱਤਿਆ ਵਰਗੇ ਵਰਤਾਰੇ ਔਰਤ ਦੇ ਨਾਲ ਵਿਤਕਰੇ ਤੇ ਉਸ ਦੀ ਗੁਲਾਮੀ ਦੀ ਦਾਸਤਾਨ ਬਿਆਨ ਕਰਦੇ ਹਨ। ਖਾਪ ਪੰਚਾਇਤਾਂ ਤੇ ਅਜੋਕੇ ਧਰਮ-ਗੁਰੂ ਭਾਰਤੀ ਸੰਵਿਧਾਨ ਦੇ ਉਲਟ ਮਨੂੰ ਸਿਮਰਤੀਆਂ ਦੇ ਹੁਕਮਨਾਮਿਆਂ ਨੂੰ ਲਾਗੂ ਕਰਨ ਲਈ ਸਰਗਰਮ ਹਨ। ਨਵੀਂ ਵਿਸ਼ਵ ਵਿਵਸਥਾ ਵਿੱਚ ਜਿਸ ਤਰ੍ਹਾਂ ਨਾਲ ਬਾਜ਼ਾਰ ਦਾ ਦਖ਼ਲ ਵੱਖ-ਵੱਖ ਖੇਤਰਾਂ ਵਿੱਚ ਵਧਿਆ ਹੈ, ਉਸ ਵਿੱਚ ਬਿਨਾਂ ਸ਼ੱਕ ਔਰਤ ਨੇ ਆਪਣੇ ਬਲਬੂਤੇ 'ਤੇ ਆਪਣੀ ਹੋਂਦ ਸਥਾਪਿਤ ਕੀਤੀ ਹੈ। ਇਸ ਤਰ੍ਹਾਂ ਦੇ ਸਾਮਾਜਿਕ ਤੇ ਸੱਭਿਆਚਾਰਕ ਤਾਣੇ-ਬਾਣੇ ਵਿੱਚ ਵੀ ਉਹ ਇੱਕ ਵਸਤੂ ਤੋਂ ਸਿਵਾਏ ਕੋਈ ਅਰਥ ਨਹੀਂ ਰੱਖਦੀ।

ਬੇਸ਼ੱਕ ਮੁੱਢਲੇ ਦੌਰ ਦੇ ਸਾਹਿੱਤ ਵਿੱਚ ਔਰਤ ਪ੍ਰਤੀ ਨਜ਼ਰੀਆ ਨਾਂਹ ਪੱਖੀ ਰਿਹਾ, ਪਰ ਗੁਰਮਤਿ ਕਾਲ ਵਿੱਚ ਔਰਤ ਦੀ ਬਰਾਬਰੀ ਦੀ ਗੱਲ ਕੀਤੀ ਗਈ। ਆਧੁਨਿਕ ਸਾਹਿੱਤ ਵਿੱਚ ਜਿੱਥੇ ਕੁਝ ਸਾਹਿੱਤਕਾਰਾਂ ਵੱਲੋਂ ਔਰਤ ਨੂੰ ਇੱਕ ਕਾਮਪੂਰਤੀ ਵਾਲੇ ਪਾਤਰ ਵਜੋਂ ਸਿਰਜਿਆ ਗਿਆ। ਉੱਥੇ ਬਹੁਤ ਸਾਰੇ ਸਾਹਿੱਤਕਾਰਾਂ ਨੇ ਔਰਤ ਦੇ ਦੁਖਾਂਤ ਲਈ ਜ਼ਿੰਮੇਵਾਰ ਕੁਰੀਤੀਆਂ ਦੇ ਖ਼ਿਲਾਫ਼ ਅਵਾਜ਼ ਬੁਲੰਦ ਕੀਤੀ। ਮੁੱਢਲੇ ਦੌਰ ਵਿੱਚ ਸਿੱਖਿਆ ਤੋਂ ਵਾਂਝੇ ਰਹਿਣ ਕਰਕੇ ਸਾਹਿੱਤ ਸਿਰਜਣ ਤੋਂ ਲਾਂਭੇ ਰਹੀ ਪਰ ਪੰਜਾਬੀ ਦੀ ਪਹਿਲੀ ਕਵਿੱਤਰੀ ਪੀਰੋ ਪ੍ਰੇਮਣ ਨੇ ਔਰਤ ਦੀ ਚੇਤਨਾ ਬਾਰੇ ਗੱਲ ਕੀਤੀ। ਅੱਜ ਨਾਰੀ ਖ਼ੁਦ ਵੀ ਸਾਹਿੱਤ ਸਿਰਜਣਾ ਰਾਹੀਂ ਆਪਣੀ ਅਵਾਜ਼ ਬੁਲੰਦ ਕਰ ਰਹੀ ਹੈ। ਪਰ ਦੁਖਾਂਤ ਇਹ ਹੈ ਕਿ ਭਾਰਤੀ ਸਮਾਜ ਦਾ ਵੱਡਾ ਹਿੱਸਾ ਅੱਜ ਵੀ ਮਰਦ ਪੱਖੀ ਰਵਾਇਤਾਂ ਨੂੰ ਤਿਆਗ ਨਹੀਂ ਸਕਿਆ। ਜਿੱਥੇ ਇੱਕ ਪਾਸੇ 'ਨਾਰੀ ਚੇਤਨਾ' ਤੋਂ ਸੱਖਣਾ ਨਾਰੀ ਸਮਾਜ ਸਦੀਆਂ ਪੁਰਾਣੀ ਗੁਲਾਮੀ ਵਿੱਚੋਂ ਚੇਤਨਾ ਦੀ ਕਮੀ

ਕਾਰਨ ਨਹੀਂ ਉੱਭਰ ਸਕਿਆ, ਉੱਥੇ ਦੂਜੇ ਪਾਸੇ ਨਾਰੀ ਚੇਤਨਾ ਤੋਂ ਵਾਕਿਫ ਇਸਤਰੀ ਵੀ ਆਧੁਨਿਕ ਵਰਤਾਰਿਆਂ ਨੂੰ ਆਪਣੀ ਅਜ਼ਾਦੀ ਸਮਝ ਕੇ ਪੂੰਜੀਵਾਦੀ ਆਰਥਿਕ ਪ੍ਰਬੰਧ ਵਿੱਚ ਗਲੋਬਲ ਮੰਡੀ ਦੀ ਇੱਕ ਵਸਤੂ ਬਣ ਕੇ ਰਹਿ ਗਈ ਹੈ।

ਪਹਿਲਾਂ, ਜਿੱਥੇ ਮਰਦ ਉੱਤੇ ਆਰਥਿਕ ਨਿਰਭਰਤਾ ਕਾਰਨ ਔਰਤ ਗੁਲਾਮ ਸੀ, ਅੱਜ ਆਰਥਿਕ ਸਵੈ-ਨਿਰਭਰਤਾ ਮਿਲਣ ਦੇ ਬਾਵਜੂਦ ਉਹ ਮਾਨਸਿਕ ਤੌਰ 'ਤੇ ਦੋਹਰੀ ਪੀੜਾ ਹੰਡਾਅ ਰਹੀ ਹੈ। ਇੱਕੋ ਵੇਲੇ ਉਸ ਨੂੰ ਪਰਿਵਾਰਕ ਤੇ ਸਾਮਾਜਿਕ ਪੱਧਰ 'ਤੇ ਜੂਝਣਾ ਪੈਂਦਾ ਹੈ। ਇਸ ਪ੍ਰਕਾਰ ਮਨੁੱਖੀ ਸਮਾਜ ਦੇ ਮੁੱਢਲੇ ਪੜਾਅ ਤੋਂ ਲੈ ਕੇ ਅੱਜ ਤੱਕ ਔਰਤ ਨੂੰ ਮਨੁੱਖੀ ਪਛਾਣ ਨਹੀਂ ਮਿਲ ਸਕੀ। ਜਦ ਕਿ ਅੱਜ ਸਮਝਣ ਤੇ ਮੰਨਣ ਦੀ ਲੋੜ ਹੈ ਕਿ ਨਾਰੀ ਆਪਣੇ ਆਪ ਵਿੱਚ ਇੱਕ ਅਦਭੁੱਤ ਅਤੇ ਸਿਰਜਣਾਤਮਕ ਸ਼ਕਤੀ ਹੈ, ਜਿਸ ਤੋਂ ਬਿਨਾਂ ਮਨੁੱਖੀ ਸਮਾਜ ਦੀ ਸਿਰਜਣਾ ਤੇ ਵਿਕਾਸ ਨਹੀਂ ਹੋ ਸਕਦਾ। ਸਦੀਆਂ ਤੋਂ ਦੱਬੀ ਆ ਰਹੀ ਭਾਰਤੀ ਔਰਤ ਨੂੰ ਇਨਸਾਫ਼ ਦਿਵਾਉਣ ਲਈ ਜਿੱਥੇ ਸਾਹਿੱਤਕ ਪੱਧਰ 'ਤੇ ਗੱਲ ਹੋਣੀ ਸ਼ੁਰੂ ਹੋਈ ਹੈ, ਉੱਥੇ ਵਿਹਾਰਕ ਪੱਧਰ 'ਤੇ ਵੀ ਅਮਲ ਹੋਣੇ ਲਾਜ਼ਮੀ ਹਨ, ਕਿਉਂਕਿ ਅਜੋਕੇ ਭਾਰਤੀ ਸਮਾਜ ਵਿੱਚ ਵਿਹਾਰਕ ਪੱਧਰ 'ਤੇ ਉਹੀ ਯੁੱਗਾਂ ਪੁਰਾਣੀ ਮਾਨਸਿਕਤਾ ਕਾਇਮ ਹੈ। ਇਸ ਸਬੰਧੀ ਸਾਹਿੱਤ ਸੰਵਾਦ ਤੇ ਅਮਲ ਰਾਹੀਂ ਸਮਾਜ ਨੂੰ ਜਾਗ੍ਰਿਤ ਕਰਨ ਦੀ ਲੋੜ ਹੈ। ਨਾਰੀ ਸਮਾਜ ਦੇ ਮਸਲੇ ਸਿਰਫ਼ ਨਾਰੀ ਦੇ ਸੰਘਰਸ਼ ਦੇ ਰਾਹ 'ਤੇ ਤੁਰ ਕੇ, ਮਰਦ ਵਿਰੋਧੀ ਰਵੱਈਆ ਅਪਣਾ ਕੇ ਹੱਲ ਨਹੀਂ ਹੋ ਸਕਦੇ। ਇੱਥੇ ਲੋੜ ਹੈ ਨਾਰੀ-ਪੁਰਸ਼ ਦੇ ਸਿਹਤਮੰਦ ਸੰਵਾਦ ਦੀ, ਕਿਉਂਕਿ ਦੋਵੇਂ ਇੱਕ ਦੂਜੇ ਦੇ ਪੂਰਕ ਹਨ ਤੇ ਸਮਾਜ ਦੇ ਵਿਕਾਸ ਅਤੇ ਸਿਰਜਣਾ ਲਈ ਦੋਵਾਂ ਨੂੰ ਇੱਕ ਦੂਜੇ ਨੂੰ ਸਮਝਣ ਦੀ ਲੋੜ ਹੈ। ਔਰਤ ਅਤੇ ਮਰਦ ਵਿਚਲੇ ਤਣਾਅ ਵਾਲੇ ਮਾਹੌਲ ਨੂੰ ਸਹਿਜ ਕਰਨ ਲਈ ਸਾਮੰਤਵਾਦੀ ਸਿਸਟਮ ਤੇ ਸੰਸਾਰੀਕਰਨ ਦੇ ਦੌਰ ਵਿੱਚ ਔਰਤ ਵਿਰੋਧੀ ਮੰਡੀ ਦੇ ਵਰਤਾਰੇ ਨੂੰ ਤੋੜਨ ਤੇ ਖਤਮ ਕਰਨ ਦੀ ਲੋੜ ਹੈ।



## ਕਾਵਿ ਵਿਅੰਗ

ਡਾ. ਸਰਬਜਿੰਦਰ ਸਿੰਘ

**'ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ'**

ਪੜ੍ਹਦਾ ਪੜ੍ਹਦਾ ਇਹ ਸ਼ਬਦ, ਟੱਪ ਆਇਆ ਨਾ ਬਾਰ ਜਦੋਂ ਬਖਸ਼ਾ ਬੁੜਾ ਭਾਊ ਜੀ। ਪਤਾ ਲੱਗ ਗਿਆ ਵੇਲੇ ਉਸੇ ਈ ਮੈਨੂੰ ਕਿ, ਚੁੱਕੀ ਫਿਰਦਾ ਹੈ ਕਿਸੇ ਸਵਾਲ ਦਾ ਭਾਰ ਬਖਸ਼ਾ ਸਿੰਘੁ ਅੱਜ ਫਿਰ, ਭਾਊ ਜੀ। ਬਠਾ ਨਾ ਅਦਬ ਨਾਲ ਮੰਜੇ ਤੇ ਪੁੱਛਿਆ, ਬਾਬਾ ਸਿੰਹਾਂ, ਦਰਸ਼ਨ ਕਿਵੇਂ ਦਿੱਤੇ ਅੱਜ ਮਹਾਂਪੁਰਖਾਂ ਨੇ ਮੂੰਹ-ਮੁਨੇਰੇ ਈ। ਲਿਆ ਕੇ ਨਾ ਮੁਸਕਾਨ ਬੁੱਲ੍ਹਾਂ ਤੇ ਬੋਲਿਆ, ਮਸਖਰੀਆਂ ਕਰਦਾ ਤੂੰ ਬਿਦਬਾਨਾ, ਮਸਖਰੀਆਂ। ਬਿਦਬਾਨਾ ਦਰਸ਼ਨ ਦੁਰਸ਼ਨ ਕਾਹਦੇ ਈ ਸਾਡੇ ਬੱਸ ਆਹ ਕੱਲ ਤਿਰਕਾਲਾਂ ਦਾ ਰੌਲਾ ਜਿਹਾ ਸੁਣੀ ਜਾਂਦਾ ਈ ਪਿੰਡ 'ਚ, ਅਖੇ ਸਿੱਖ ਕੱਢਤੇ, ਸਿੱਖ ਕੱਢਤੇ, ਕੋਈ ਇਧਰੋਂ ਮੁਸਕੜੀਆਂ ਜਿਹੀਆਂ 'ਚ ਹੱਸਦਾ ਲੰਘੀ ਜਾਂਦਾ ਈ ਤੇ ਕੋਈ ਉਧਰੋਂ। ਤੇ ਉਹ ਆਪਣਾ ਮੂਲਾ ਸਿਹੁੰ ਹੈ ਨਾ ਰਾਮਗੜ੍ਹੀਆ, ਕੱਲ ਰਾਤੀਂ ਕੋਠੇ ਤੇ ਬੈਠਾ ਘੜੀ ਕੁ ਬਾਅਦ ਹੂਕਰ ਜਿਹੀ ਮਾਰਦਾ ਸੀ, ਬਾਬਾ ਨਾਨਕ ਆਹ ਕੀ! ਬਾਬਾ ਨਾਨਕ ਆਹ ਕੀ!! ਤੈਨੂੰ ਪਤਾ ਤੇ ਹੈ ਈ ਕਾਕਾ ਸਿੰਹੁ, ਜਦੋਂ ਹੁੰਦੀ ਹੈ ਕੋਈ ਇਹੋ ਜਿਹੀ ਖਿੱਚ ਧੂਹ, ਵੱਟ ਜਿਹਾ ਉਠਦਾ ਈ ਢਿੱਡ 'ਚ ਤੇ ਫਿਰ ਭੱਜ ਉਠਦਾ ਈ ਮੈਂ ਤੇਰੇ ਵੱਲ। ਮੁੱਲਾਂ ਦੀ ਦੌੜ ਮਸੀਤ ਤੱਕ, ਭਾਊ ਸਿੰਹਾਂ। ਹੋਰ ਕੌਣ ਪੁੱਛਦਾ ਈ ਐਸ ਉਮਰ 'ਚ ਮੇਰੇ ਵਰਗਿਆਂ ਨੂੰ।

ਬਾਬਾ ਸਿੰਹਾਂ, ਬੰਦਾ ਤੇ ਈ ਤੂੰ ਕੁੱਜੇ 'ਚ ਬੰਦ ਕਰਕੇ ਰੱਖਣ ਵਾਲਾ, ਪਰ ਆਹ ਜਿਹੜੀਆਂ ਬੰਗਾਲੇ ਦੀਆਂ ਢਾਕੇ ਤੇ ਢਾਕੇ ਦੀਆਂ ਬੰਗਾਲੇ ਲਾਉਂਦਾ, ਸਮਝ ਨਹੀਂਓ ਆਉਂਦੀ ਏਨ੍ਹਾਂ ਦੀ ਭੋਰਾ ਵੀ। ਗੱਲ ਕਰ ਸਿੱਧੀ ਠਾਹ ਕਰਕੇ ਜਿਹੜੀ ਵੱਜੇ ਹਿੱਕ 'ਚ ਅਗਲੇ ਦੇ, ਤੇ ਆਵੇ ਉੱਤਰ ਠੇਕਵਾਂ ਉਸੇ ਵੇਲੇ।

ਕਾਕਾ ਸਿੰਹੁ, ਗੱਲ ਗੁੱਲ ਤੇ ਕੀ ਉ, ਆਹ ਕਹਿੰਦੇ ਸਹਿਜਧਾਰੀ ਕੱਢਤੇ ਈ ਪੰਥ 'ਚੋਂ। ਮੇਰਾ ਪਿੰਡ ਤੇ ਸਾਰਾ ਈ ਸਹਿਜਧਾਰੀਆਂ ਦਾ ਈ ਤੇ ਮਤਬਲ ਹੋਇਆ ਕਿ ਹੁਣ ਸਾਨੂੰ ਵੋਟਾਂ ਤੋਂ ਛੁੱਟੀ, ਪਾਈਏ ਜਿੱਧਰ ਮਰਜ਼ੀ ਫਿਰ ਕੇ। ਬੰਧਨ ਸੀ ਉ ਅੱਗੇ ਤੇ, ਕਰਤਾ ਈ ਵੇਹਲੇ ਆਪ ਈ ਸ਼ੇਰਾਂ ਨੇ, ਅਸ਼ਕੇ ਓ ਤੁਹਾਡੇ, ਅਸ਼ਕੇ! ਵਾਰੇ ਵਾਰੇ ਜਾਵਾਂ! ਵਾਰੇ ਵਾਰੇ ਜਾਵਾਂ!!

ਭਾਊ ਚਲੋ ਆਪਾਂ ਕੀ ਕੱਢਣਾ ਤੇ ਕੀ ਪਾਉਣਾ ਈ ਉੱਝ ਤੇ। ਪਰ ਸਮਝ ਜਿਹੀ ਨਹੀਂਓ ਲੱਗਦੀ ਮੈਨੂੰ ਇਕ। ਭਈ ਭਾਈ ਤੇ ਕੱਢ ਮਾਰੇ ਪਰ ਬੀਬੀਆਂ ਜਿਹੜੀਆਂ ਰੋਟੀ ਮਿਲੇ ਨਾ ਮਿਲੇ, ਬੂਟੀ ਪਾਰਲਰ ਜਾਂਦੀਆਂ ਈ ਹਰ ਪੰਜਵੇਂ ਸੱਤਵੇਂ ਦਿਨ, ਉਨ੍ਹਾਂ ਦਾ ਦਾ ਕੀ ਹੋਊ? ਉਹ ਹੁਣ ਸਹਿਜਧਾਰੀਆਂ 'ਚ ਗਿਣੀਆਂ ਜਾਣ ਕਿ ਪੰਥ 'ਚ। ਤੇ ਮਾਰ ਹੱਥ ਤੇ ਹੱਥ ਲਾਇਆ ਨਾ ਠਹਾਕਾ ਜਦ ਬਖਸ਼ੇ ਬੁੜੇ ਨੇ ਤਾਂ ਚਿੜੀ ਚੜੂਗਿਆਂ ਨੇ ਪਾਈ ਨਾ ਜੇਹੜੀ ਕਾਵਾਂ ਰੌਲੀ, ਮੈਂ ਜਾਣਦਾਂ, ਜਾਂ ਮੇਰਾ ਰੱਬ। ਤੇ ਮੈਂ ਵੇਖਾਂ ਕਦੇ ਤਾਂਹ ਨੂੰ ਕਦੇ ਠਾਂਹ ਨੂੰ, ਬੱਸ ਭਾਊ ਜੀ, ਇਹੋ ਕਿਹਾ, ਬਖਸ਼ਾ ਬਾਬਾ ਜਿੰਦਾਬਾਦ! ਬਖਸ਼ਾ ਬਾਬਾ ਜਿੰਦਾਬਾਦ!!



## ਚਿੰਤਨ-ਮੌਜੂਦਾ ਸਕੂਲੀ ਵਿੱਦਿਆ ਪ੍ਰਬੰਧ

ਇਕਵਾਕ ਸਿੰਘ ਪੱਟੀ

+91 98150-24920

ਪੰਜਾਬ, ਪੰਜਾਬੀ, ਪੰਜਾਬੀਅਤ ਇੱਕ ਇਹੋ ਜਿਹੇ ਸ਼ਬਦਾਂ ਦਾ ਸਮੂਹ ਹੈ, ਜਿਸ ਉੱਪਰ ਪੰਜਾਬ ਹੀ ਨਹੀਂ ਬਲਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਵਿੱਚ ਰਹਿਣ ਵਾਲੇ, ਦੇਸ਼ਾਂ-ਵਿਦੇਸ਼ਾਂ ਵਿੱਚ ਰਹਿਣ ਵਾਲੇ ਜਾਂ ਕਿਸੇ ਨੇ ਵੀ ਨਿਰਪੱਖ ਹੋ ਕੇ ਇਹਨਾਂ ਸ਼ਬਦਾਂ ਨੂੰ ਸਮਝਿਆ ਹੈ, ਉਹ ਆਪਣੇ ਆਪ ਨੂੰ ਪੰਜਾਬੀ ਕਹਾਉਣ ਵਿੱਚ ਫ਼ਖ਼ਰ ਮਹਿਸੂਸ ਕਰਨ ਲੱਗ ਪੈਂਦਾ ਹੈ। ਕੀ ਖਾਸੀਅਤ ਹੈ ਸਾਡੀ ਪੰਜਾਬੀ ਭਾਸ਼ਾ ਵਿੱਚ, ਸਾਡੇ ਪੰਜਾਬ ਵਿੱਚ ਅਤੇ ਪੰਜਾਬ ਦੀ ਰਹਿਣ ਸਹਿਣ ਪੰਜਾਬੀਅਤ ਵਿੱਚ? ਇੱਕ ਵਾਰ ਸੋਚਣਾ ਬਣਦਾ ਹੈ ਕਿ ਜਿਸ ਭਾਸ਼ਾ ਭਾਵ ਪੰਜਾਬੀ ਉਪਰ ਕਿਸੇ ਨੂੰ ਵੀ ਜ਼ਰਾ ਜਿਹਾ ਸਮਝਣ ਨਾਲ ਮਾਣ ਮਹਿਸੂਸ ਹੋਣ ਲੱਗ ਜਾਂਦਾ ਹੈ, ਉਸ ਮਿੱਠੀ ਜ਼ੁਬਾਨ ਤੋਂ ਪੰਜਾਬ ਵਿੱਚ, ਪੰਜਾਬੀ ਘਰਾਂ ਵਿੱਚ ਪੈਦਾ ਹੋਣ ਵਾਲੇ ਅੱਜ ਦੇ ਨੌਜਵਾਨ ਅਤੇ ਫਿਰ ਆਪਣੇ ਸਕੂਟਰਾਂ, ਮੋਟਰਸਾਇਕਲਾਂ ਅਤੇ ਕਾਰਾਂ ਦੀਆਂ ਨੰਬਰ ਪਲੇਟਾਂ ਤੇ "ਪੰਜਾਬੀ ਮੁੰਡਾ", "ਪੰਜਾਬੀ ਜੱਟ" ਜਾਂ "ਪੰਜਾਬੀ" ਲਿਖਵਾਉਣ ਵਾਲੇ ਪੰਜਾਬੀ ਨੂੰ ਬੋਲਣ, ਲਿਖਣ ਵਿੱਚ ਸ਼ਰਮ ਕਿਉਂ ਮਹਿਸੂਸ ਕਰਦੇ ਹਨ? ਕੀ ਕਾਰਣ ਹੈ ਕਿ ਅਸੀਂ ਮਾਂ-ਭਾਸ਼ਾ ਦੀ ਥਾਂ ਤੇ ਕਿਸੇ ਦੂਸਰੀ ਭਾਸ਼ਾ ਨੂੰ ਵੱਧ ਤਰਜੀਹ ਦੇ ਕੇ ਆਪਣੇ ਆਪ ਨੂੰ ਜ਼ਿਆਦਾ ਅਗਾਂਹ-ਵਧੂ ਮਹਿਸੂਸ ਕਰਦੇ ਹਾਂ? ਘਾਟ ਕਿੱਥੇ ਹੈ?

ਕੀ ਸਾਡੀ ਪੰਜਾਬੀ ਭਾਸ਼ਾ ਵਿੱਚ ਕਿਧਰੇ ਕੋਈ ਘਾਟ ਪੈ ਗਈ ਹੈ? ਨਹੀਂ ਐਸੀ ਕੋਈ ਵੀ ਗੱਲ ਨਹੀਂ ਹੈ।

ਬੱਸ ਆਪਣੇ ਆਪ ਨੂੰ ਵੱਡਾ ਸਾਬਤ ਕਰਨ ਲਈ, ਪੜ੍ਹਿਆ ਲਿਖਿਆ, ਅਗਾਂਹ-ਵਧੂ ਸਾਬਤ ਕਰਨ ਲਈ ਹੀ ਅਸੀਂ ਬੇਸ਼ਰਮ ਹੋ ਕੇ ਪੰਜਾਬੀ ਦੀ ਥਾਂ ਤੇ ਦੂਜੀਆਂ ਬੋਲੀਆਂ ਦੀ ਬੋਲਣ ਵਿੱਚ ਵਰਤੋਂ ਕਰਨ ਨੂੰ ਤਰਜੀਹ ਦੇਂਦੇ ਹਾਂ। ਭਾਵੇਂ ਕਿ ਜਦੋਂ ਸਾਡੇ ਵੱਲੋਂ ਬੋਲੇ ਜਾਂਦੇ ਗਿਣਤੀ ਦੇ ਯਾਦ ਕੀਤੇ ਹੋਏ ਅੰਗਰੇਜੀ ਦੀ ਸ਼ਬਦ ਖਤਮ ਹੋ ਜਾਣ ਤਾਂ ਅਸੀਂ ਫਿਰ ਭਉਂਦੇ ਪੈਰੀਂ ਪੰਜਾਬੀ ਵੱਲ ਨੂੰ ਹੀ ਭੱਜਦੇ ਹਾਂ। ਬਹੁਤਿਆਂ ਨੂੰ ਅੰਗਰੇਜੀ ਵਿੱਚ ਉਹਨਾਂ ਵੱਲੋਂ ਬੋਲੇ ਜਾ ਰਹੇ ਸ਼ਬਦਾਂ ਦਾ ਪੰਜਾਬੀ ਵਿੱਚ ਮਤਲੱਬ ਹੀ ਨਹੀਂ ਪਤਾ ਹੁੰਦਾ। ਪਰ ਪਤਾ ਨਹੀਂ ਕਿਉਂ ਦਿਮਾਗ ਵਿੱਚ ਇੱਕ ਕੀੜਾ ਵੜ ਚੁੱਕਾ ਹੈ ਕਿ ਪੰਜਾਬੀ ਬੋਲਣ ਵਾਲੇ ਨੂੰ ਜਿਵੇਂ ਅਕਲ ਹੀ ਨਹੀਂ ਹੁੰਦੀ। ਇਸ ਕੰਮ ਵਿੱਚ ਅੱਜਕੱਲ ਦੀਆਂ ਨੌਜਵਾਨ ਕੁੜੀਆਂ ਜਿਆਦਾ ਅੱਗੇ ਆ ਰਹੀਆਂ ਹਨ ਅਤੇ ਨੌਜਵਾਨ ਮੁਡਿਆਂ ਨਾਲੋਂ ਅੰਗਰੇਜੀ ਜਮ੍ਹਾਂ ਹਿੰਦੀ ਨੂੰ ਹੀ ਤਰਜੀਹ ਦੇ ਰਹੀਆਂ ਹਨ। ਖ਼ਾਸਕਰ ਕਾਲਜਾਂ/ਯੂਨੀਵਰਸਿਟੀਆਂ ਵਿੱਚ ਪੜ੍ਹਨ ਵਾਲੀਆਂ ਕੁੜੀਆਂ। ਇਸੇ ਤਰ੍ਹਾਂ ਇੱਕ ਲੜਕੀ ਨੂੰ ਜਦ ਪੁਛਿਆ ਕਿ ਤੁਸੀਂ ਪੰਜਾਬੀ ਬੋਲਣ, ਲਿਖਣ ਦੀ ਥਾਂ ਤੇ ਹਿੰਦੀ ਨੂੰ ਹੀ ਪਹਿਲ ਕਿਉਂ ਦਿੰਦੇ ਹੋ, ਜਦਕਿ ਤੁਸੀਂ ਪੰਜਾਬ ਦੇ ਹੀ ਸੱਭਿਆਚਾਰ ਵਿੱਚ ਜੰਮੇ-ਪਲੇ ਤੇ ਵੱਡੇ ਹੋਏ ਹੋ? ਤਾਂ ਉਸਦਾ ਜੁਆਬ ਬੜਾ ਹੀ ਬੇ-ਦਲੀਲਾ ਸੀ। ਕਹਿਣ ਲੱਗੀ ਕਿ "ਬਚਪਨ ਤੋਂ ਹੀ ਪੰਜਾਬੀ ਬੋਲਦੀ ਪਈ ਹਾਂ, ਅਤੇ ਪੰਜਾਬੀ ਤੋਂ ਬੋਰ ਹੋ ਗਈ ਹਾਂ। ਦੂਜਾ ਹੁਣ ਹੀ ਕਾਲਜ ਜਾਣ ਤੋਂ ਬਾਅਦ ਸਾਰੇ ਦੋਸਤ, ਸਹੇਲੀਆਂ ਹਿੰਦੀ ਹੀ ਬੋਲਦੇ ਹਨ ਅਤੇ ਮੈਨੂੰ ਵੀ ਹਿੰਦੀ ਬੋਲਣ ਦੀ ਆਦਤ ਪੈ ਗਈ ਹੈ। ਦੂਜੀ ਗੱਲ ਤਾਂ ਕੁਝ ਹੱਦ ਤੱਕ ਸਮਝ ਆਉਂਦੀ ਹੈ ਪਰ ਪਹਿਲੀ ਗੱਲ ਦੇ ਜੁਆਬ ਵਿੱਚ ਮੈਂ ਉਸਨੂੰ ਪੁਛਿਆ ਬਈ ਤੂੰ ਬਚਪਨ ਤੋਂ ਹੀ ਨਹਾ ਰਹੀ ਹੈਂ, ਖਾ ਰਹੀ ਹੈਂ, ਮੰਮੀ-ਡੈਡੀ ਨੂੰ ਵੀ ਮੰਮੀ ਡੈਡੀ ਹੀ ਕਹਿ ਰਹੀ ਹੈਂ, ਕੀ ਤੂੰ ਇਹਨਾਂ ਸੱਭ ਚੀਜਾਂ ਤੋਂ ਵੀ ਬੋਰ ਨਹੀਂ ਹੋਈ ਤਾਂ ਪੰਜਾਬੀ ਤੋਂ ਕਿਵੇਂ ਹੋ ਗਈ? ਉਸ ਕੋਲ ਕੋਈ ਜੁਆਬ ਨਹੀਂ ਸੀ।

ਬੇਸ਼ੱਕ ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਸਬੰਧੀ ਵਿਸ਼ੇਸ਼ ਕਾਨੂੰਨ ਪਾਸ ਕਰ ਦਿੱਤਾ ਗਿਆ ਹੈ, ਪਰ ਜਿਨ੍ਹੀ ਦੇਰ ਤੱਕ ਇਸ ਨੂੰ ਸਖਤੀ ਨਾਲ ਅਮਲੀ ਰੂਪ ਵਿੱਚ ਲਾਗੂ ਨਹੀਂ ਕਰਵਾਇਆ ਜਾਵੇਗਾ, ਉਨ੍ਹੀ ਦੇਰ ਤੱਕ ਇਸਦਾ ਕੋਈ ਲਾਭ ਨਹੀਂ ਹੋ ਸਕੇਗਾ।

ਅੱਜ ਭਾਵੇਂ ਸਕੂਲਾਂ ਦੇ ਨਾਮ ਤਾਂ ਪੰਜਾਬੀ ਭਾਸ਼ਾ ਵਿੱਚ ਇੱਥੋਂ ਤੱਕ ਕੇ ਗੁਰੂਆਂ ਦੇ ਨਾਮ 'ਤੇ ਰੱਖੇ ਹੋਏ ਹਨ। ਪਰ ਅੰਦਰ ਬੱਚਿਆਂ ਵਾਸਤੇ ਹਿੰਦੀ ਵਿੱਚ ਹੀ ਅਧਿਆਪਕਾਂ ਨਾਲ ਗੱਲ ਕਰਨ ਦੇ ਹੁਕਮ ਚਾੜ੍ਹੇ ਹੋਏ ਹਨ। ਜਿਹਨਾਂ ਵਿੱਚ ਇੱਕ-ਦੋ ਸਕੂਲਾ ਦਾਂ ਜ਼ਿਕਰ ਵੀ ਮੈਂ ਜ਼ਰੂਰ ਕਰਨਾ ਚਾਹਵਾਂਗਾ। ਸ਼ਾਇਦ ਇਹੋ ਜਿਹੀ ਹਾਲਤ ਤੇ ਹੀ ਪ੍ਰਸਿੱਧ ਪੰਜਾਬੀ ਲੋਕ ਗਾਇਕ ਨੇ ਲਿਖਿਆ ਸੀ:

ਪੰਜਾਬੀਏ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ,<br>
ਫਿੱਕੀ ਪੈ ਗਈ ਤੇਰੇ ਚਿਹਰੇ ਦੀ ਨੁਹਾਰ।<br>
ਮੀਢੀਆਂ ਖਲਾਰੀ ਫਿਰੇਂ ਬੁੱਲ੍ਹੇ ਦੀ ਕਾਫੀਏ ਨੀ,<br>
ਕੀਹਨੇ ਤੇਰਾ ਲਾਹ ਲਿਆ ਸ਼ਿੰਗਾਰ।

ਅੱਜ ਸਾਡੇ ਸਕੂਲਾਂ ਵਿੱਚ ਹਿੰਦੀ ਭਾਸ਼ਾ ਨੂੰ ਪਹਿਲ ਦਿੱਤੀ ਜਾ ਰਹੀ ਹੈ ਅਤੇ ਪੰਜਾਬੀ ਨੂੰ ਦੂਜੇ ਨੰਬਰ ਤੇ ਰੱਖਿਆ ਜਾ ਰਿਹਾ ਹੈ। ਇਕ ਸਕੂਲ ਦਾ ਨਾਮ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਪੁਰ ਹੈ। ਇਸ ਸਕੂਲ ਦਾ ਸਾਰਾ ਸਟਾਫ ਵੀ ਹਿੰਦੀ ਹੀ ਬੋਲਦਾ ਹੈ। ਇੱਥੋਂ ਦੇ ਸਾਰੇ ਵਿਦਿਆਰਥੀ ਵੀ ਹਿੰਦੀ ਵਿੱਚ ਹੀ ਗੱਲ ਕਰਦੇ ਹਨ ਅਤੇ ਸਾਰੇ ਅਧਿਆਪਕ ਵੀ। ਹੁਣ ਹਿੰਦੀ ਪੜਾਵਾਂਗੇ, ਹਿੰਦੀ ਬੋਲਾਂਗੇ, ਗੁਰੂਆਂ ਦੇ ਨਾਮ ਤੇ ਸਕੂਲ ਹੈ। ਪੰਜਾਬੀ ਵਿੱਚ ਲਿਖਿਆ ਸਿੱਖ ਇਤਿਹਾਸ ਬੱਚੇ ਕਿਵੇਂ ਪੜ੍ਹਨਗੇ? ਗੁਰਬਾਣੀ ਕਿਵੇਂ ਪੜ੍ਹਨਗੇ? ਫਿਰ ਮੈਂ ਤਾਂ ਦਬਕੇ ਨਾਲ ਸਾਰੇ

ਵਿਦਿਆਰਥੀਆਂ ਨੂੰ ਕਹਿ ਦਿੱਤਾ ਕਿ ਜੇਕਰ ਕਿਸੇ ਨੇ ਮੇਰੇ ਨਾਲ ਗੱਲ ਕਰਨੀ ਹੋਵੇ ਜਾਂ ਕੁੱਝ ਪੁਛਣਾ ਹੋਵੇ ਤਾਂ ਸਿਰਫ ਪੰਜਾਬੀ ਵਿੱਚ ਹੀ ਪੁੱਛਿਆ ਜਾਵੇ। ਤਾਂ ਬੱਚੇ ਕਹਿਣ ਲੱਗੇ "ਸਰ ਜੀ! ਫਿਰ ਹਮਨੇ ਪਾਨੀ ਪੀਣੇ ਕੀ ਲੀਏ ਜਾਣਾ ਹੋਗਾ ਤੋ, ਹਮ ਯਹ ਕਹੇਂਗੇ "ਸਰ, ਪਾਣੀ ਪੀ ਆਈਏ?" ਤੇ ਕਲਾਸ ਹੱਸਣ ਲੱਗ ਪਈ। ਮੈਂ ਜ਼ਰਾ ਕੁ ਝਿੜਕਦੇ ਹੋਏ ਕਿਹਾ ਘਰੇ ਰੋਟੀ ਖਾਂਦੇ ਆਪਣੀ ਮਾਂ ਕੋਲੋਂ ਪਾਣੀ ਮੰਗਣ ਲੱਗਿਆਂ ਕੀ ਕਹਿੰਦੇ ਹੁੰਦੇ ਜੇ? ਤਾਂ ਕਿਸੇ ਵਿਦਿਆਰਥੀ ਕੋਲ ਕੋਈ ਜੁਆਬ ਨਹੀਂ ਸੀ।

ਅਗਲੇ ਮਜਮੂਨ ਦੀ ਘੰਟੀ 'ਤੇ ਅਗਲੀ ਜਮਾਤ ਵਿੱਚ ਗਿਆ ਤਾਂ ਇੱਕ ਅਧਿਆਪਕਾ ਗਲਤੀ ਨਾਲ ਮੇਰੀ ਜਮਾਤ ਵਿੱਚ ਆ ਗਈ, ਸ਼ਾਇਦ ਉਹ ਵੀ ਸਕੂਲ ਵਿੱਚ ਨਵੀਂ ਸੀ। ਸੌਰੀ ਕਹਿ ਕੇ ਵਾਪਸ ਚਲੀ ਗਈ। ਇੰਨੇ ਨੂੰ ਇੱਕ ਵਿਦਿਆਰਥੀ ਬੋਲ ਉਠਿਆ, "ਸਰ ਜੀ, ਮੈਡਮ ਕੋ ਭੁਲੇਖਾ ਪੜ ਗਿਆ।" ਹੁਣ ਦੱਸੋ ਕੀ ਕਰੀਏ। ਇੱਥੇ ਤਾਂ ਆਵਾ ਹੀ ਊਤਿਆ ਪਿਆ ਹੈ। ਇਸ ਹਮਾਮ ਵਿੱਚ ਸਾਰੇ ਹੀ ਨੰਗੇ ਹਨ।

ਜਿੱਥੋਂ ਸਕੂਲਾਂ ਵਿੱਚੋਂ ਬੱਚਿਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਨੂੰ ਸਿੱਖਣਾ ਸੀ, ਜੇਕਰ ਉੱਥੋਂ ਦਾ ਮਾਹੌਲ ਇਸ ਤਰਾਂ ਦਾ ਹੋਵੇਗਾ ਤਾਂ ਪੰਜਾਬੀ ਕਦੋਂ ਤੱਕ ਕਾਇਮ ਰਹਿ ਸਕੂਗੀ। ਦੂਜਾ ਸਾਡੇ ਗੀਤਾਕਾਰਾਂ ਅਤੇ ਗਾਇਕਾਂ ਨੇ ਵੀ ਪੰਜਾਬੀ ਨੂੰ ਕਾਫੀ ਹੱਦ ਤੱਕ ਨੁਕਸਾਨ ਪਹੁੰਚਾਇਆ ਹੈ। ਸ਼ਹਿਰਾਂ ਵਿੱਚ ਲੱਗੇ ਪੰਜਾਬੀ ਭਾਸ਼ਾਂ ਵਿੱਚ ਵੱਡੇ ਸਾਇਨ ਬੋਰਡਾਂ ਵਿੱਚ ਵੀ ਬੇ-ਹਿਸਾਬ ਗਲਤੀਆਂ ਕੀਤੀਆਂ ਜਾਂਦੀਆਂ ਹਨ। ਇੱਥੋਂ ਤੱਕ ਕਿ ਗੁਰਦੁਆਰਾ ਸਾਹਿਬ ਵਿੱਚ ਲੱਗੇ ਸੂਚਨਾ ਬੋਰਡ ਵੀ ਦੇਖਣ ਵਾਲੇ ਹੀ ਹੁੰਦੇ ਹਨ।

ਇੱਕ ਵਾਰ ਅਮ੍ਰਿਤਸਰ ਦੀ ਆਰਟ ਗੈਲਰੀ ਵਿੱਚ ਪੰਜਾਬ ਦਿਵਸ ਮਨਾਇਆ ਗਿਆ। ਮੇਰਾ ਇੱਕ ਨਜ਼ਦੀਕੀ ਸੱਜਣ ਮੈਨੂੰ ਵੀ ਉੱਥੇ ਲੈ ਗਿਆ। ਬਹੁੱਤ ਸੋਹਣਾ ਰੰਗਾਰੰਗ ਨਾਜ਼ਾਰਾ ਪੇਸ਼ ਕੀਤਾ ਗਿਆ। ਜਿਸ ਵਿੱਚ ਇਲਾਕੇ ਦੇ ਇੱਕ ਪ੍ਰਮੁੱਖ ਸਕੂਲ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ ਅਤੇ ਨਰਸਰੀ ਤੋਂ ਪਹਿਲੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਫੈਂਸੀ ਡਰੈੱਸ ਮੁਕਾਬਲਾ ਕਰਵਾਇਆ ਗਿਆ। ਸਟੇਜ ਸਕੱਤਰ ਦੀ ਭੂਮਿਕਾ ਵੀ ਸਕੂਲ ਦੀ ਹੀ ਇੱਕ ਅਧਿਆਪਕਾ ਨਿਭਾਅ ਰਹੀ ਸੀ, ਜਿਸਨੂੰ ਹਾਲ ਵਿੱਚ ਹੀ ਵਧੀਆ ਅਧਿਆਪਕ ਦਾ ਖਿਤਾਬ ਵੀ ਸਕੂਲ ਵੱਲੋਂ ਮਿਲਿਆ ਸੀ। ਉਸਨੇ ਵੀ ਪੰਜਾਬੀ ਬੋਲੀ ਬੋਲਣ, ਲਿਖਣ, ਪੜ੍ਹਨ ਤੇ ਜ਼ੋਰ ਦਿੰਦਿਆਂ ਸਾਰੇ ਬੈਠੇ ਸਰੋਤਿਆਂ ਨੂੰ ਪੰਜਾਬ ਦਿਵਸ ਦੀ ਵਧਾਈ ਦਿੱਤੀ। ਸਕੂਲ ਦੇ ਵਿਦਿਆਰਥੀਆਂ ਦੀ ਮੁਕਾਬਲੇ ਲਈ ਤਿਆਰੀ ਵੀ ਉਸੇ ਅਧਿਆਪਕਾ ਵੱਲੋਂ ਕਰਵਾਈ ਗਈ ਸੀ।ਜਿਸ ਵਿੱਚ ਵਿਦਿਆਰਥੀ ਨੇ ਮੰਚ (ਸਟੇਜ) ਤੇ ਆ ਕੇ ਆਪਣਾ ਨਾਮ, ਜਮਾਤ ਆਦਿਕ ਦੱਸਣਾ ਸੀ। ਪਰ ਜਿਹੜਾ ਵੀ ਵਿਦਿਆਰਥੀ ਮੰਚ ਤੇ ਆਵੇ ਆਉਂਦਿਆਂ ਹੀ ਤੋਤਲੀ ਜ਼ੁਬਾਨ ਵਿੱਚ ਸਕੂਲ ਵੱਲੋਂ ਸਿਖਾਏ ਚਾਰ ਸ਼ਬਦ "ਮਾਈ ਨੇਮ ਇਜ਼.......... ਐਂਡ ਆਈ ਐਮ ਰੀਡ ਇੰਨ......" ਹੁਣ ਮੰਚ ਸੰਚਾਲਕ ਦਾ ਮੂੰਹ ਵੇਖਣ ਵਾਲਾ ਸੀ। ਪਰ ਗੱਲ ਸੰਭਾਲਦੀ ਕਹਿਣ ਲੱਗੀ ਇਸ ਬੱਚੇ ਦੇ ਕਹਿਣ ਦਾ ਮੱਤਲਬ ਹੈ ਕਿ ਇਸਦਾ ਨਾਮ.............. ਹੈ ਅਤੇ ਇਹ ਫਲ੍ਹਾਣੀ ਜਮਾਤ ਵਿੱਚ ਪੜ੍ਹਦਾ ਹੈ। ਇਸ ਤਰ੍ਹਾਂ ਜਿੰਨ੍ਹੇ ਵੀ ਵਿਦਿਆਰਥੀ ਆਏ ਸਾਰਿਆਂ ਨੇ ਹੀ ਜਾਣ-ਪਛਾਣ ਅੰਗਰੇਜੀ ਵਿੱਚ ਕਰਵਾਈ। ਆਹ ਹਾਲ ਹੈ ਸਾਡੇ ਸਕੂਲਾਂ ਦਾ, ਤੇ ਪੰਜਾਬ ਦਿਵਸ ਮਨਾਉਣ ਲਈ ਬੱਚਿਆਂ ਨੂੰ ਸਕੂਲ ਵਿੱਚ ਤਿਆਰੀ ਕਰਵਾਉਣ ਵਾਲਿਆਂ ਦਾ।

ਬੀਤੇ ਵਰ੍ਹੇ ਅਮ੍ਰਿਤਸਰ ਦੇ ਸੱਭ ਤੋਂ ਮਹਿੰਗੇ ਅਤੇ ਮਸ਼ਹੂਰ ਸਕੂਲ ਵਿੱਚ ਜਾਣ ਦਾ ਸਬੱਬ ਬਣਿਆ। ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਕਿਸੇ ਵਿਸ਼ੇ ਤੇ ਅਰਜ਼ੀ ਲਿਖਣ ਲਈ ਕਿਹਾ ਤਾਂ 22 ਵਿਦਿਆਰਥੀਆਂ ਦੀ ਜਮਾਤ ਵਿੱਚੋਂ 19 ਵਿਦਿਆਰਥੀ 'ਸਤਿ ਸ੍ਰੀ ਅਕਾਲ' ਸ਼ੁੱਧ ਸਾਫ ਅਖਰਾਂ ਵਿੱਚ ਨਹੀਂ ਲਿਖ ਸਕੇ। ਇਹੀ ਹਾਲ ਬਹੁਤੇ ਸਕੂਲਾਂ ਵਿੱਚ ਹੈ ਜਿਥੇ ਬੱਚਿਆਂ ਨੇ ਪੈਂਤੀ ਤੋਂ ਸ਼ੁਰੂ ਹੋ ਕੇ ਪੂਰਾ ਪੰਜਾਬ ਪੜ੍ਹਨਾ ਸੀ ਤੇ ਫਿਰ ਪੂਰਾ ਸੰਸਾਰ ਪਰ ਉਹ ਅੱਜ ਆਪ ਕੇਵਲ ਪੰਜਾਬੀ ਪੜ੍ਹਨ ਤੋਂ ਵੀ ਅਪਹਾਜ ਹੋ ਚੁੱਕੇ ਹਨ। ਇਹ ਗੱਲ ਕੇਵਲ ਇੱਕ ਦੋ ਜਾਂ ਤਿੰਨ ਸਕੂਲਾਂ ਦੀ ਨਹੀਂ,ਇੱਥੇ ਹਰ ਸਕੂਲ ਦਾ ਹੀ ਇਹੀ ਹਾਲ ਅਤੇ ਵੱਡੀ ਗਿਣਤੀ ਵਿੱਚ ਸਕੂਲਾਂ ਰਾਹੀਂ ਮਾਂ ਬੋਲੀ ਦਾ ਗਲਾ ਬੜੀ ਹੀ ਬੇਦਰਦੀ ਨਾਲ ਘੁਟਿਆ ਜਾ ਰਿਹਾ ਹੈ। ਪਰ ਇਸ ਨੂੰ ਰੋਕਿਆ ਤਾਂ ਹੀ ਜਾ ਸਕੇਗਾ ਜਦੋਂ ਅਸੀਂ ਆਪਣਾ ਆਪ ਪਹਿਚਾਣ ਕੇ ਪਹਿਲਾਂ ਆਪ ਆਪਣੀ ਮਾਂ ਬੋਲੀ ਲਈ ਅੱਗੇ ਆਵਾਂਗੇ ਅਤੇ ਆਪਣੇ ਘਰ ਤੋਂ ਮਾਂ ਬੋਲੀ ਬੋਲਣ ਦੀ ਸ਼ੁਰੂਆਤ ਕਰਾਂਗੇ ਕਿਉਂਕਿ ਕੇਵਲ ਸਕੂਲਾਂ ਤੇ ਦੋਸ਼ ਲਗਾ ਕੇ ਦੋਸ਼ ਮੁਕਤ ਅਸੀਂ ਵੀ ਨਹੀਂ ਹੋ ਸਕਦੇ।

ਸੋ ਲੋੜ ਹੈ ਸਾਰੇ ਹੀ ਸੁਚੇਤ ਹੋ ਕੇ ਆਪਣੀ ਮਾਂ ਬੋਲੀ ਨੂੰ ਬਚਾਉਣ ਵਾਸਤੇ ਸਾਂਝਾ ਉੱਦਮ ਕਰੀਏ। ਵਿਆਹ ਸ਼ਾਦੀਆਂ ਸੱਦਾ ਪੱਤਰ, ਦੁਕਾਨਾਂ ਦੇ ਬੋਰਡ ਆਦਿਕ ਪੰਜਾਬੀ ਵਿੱਚ ਲਿਖਵਾਉਣ ਨੂੰ ਪਹਿਲ ਦੇਈਏ। ਤਾਂ ਕਿ ਪੰਜਾਬ ਵਿੱਚ ਆਉਣ ਵਾਲੇ ਕਿਸੇ ਵੀ ਸੈਲਾਨੀ ਉੱਤੇ ਪੰਜਾਬ, ਪੰਜਾਬੀ, ਪੰਜਾਬੀਅਤ ਦਾ ਰੰਗ ਹੋਰ ਵੀ ਗੂੜ੍ਹਾ ਪੈ ਸਕੇ। ਯਾਦ ਰੱਖੋ ਮਾਂ ਬੋਲੀ ਹੀ ਮਨੁੱਖ ਦੀ ਪਛਾਣ ਹੰਦੀ ਹੈ।

ਮੈਂ ਕਿਸੇ ਵੀ ਬੋਲੀ ਨੂੰ ਮਾੜਾ ਨਹੀਂ ਕਹਿੰਦਾ, ਨਾ ਹੀ ਇਹ ਕਹਿੰਦਾ ਹਾਂ ਕਿ ਉਹ ਬੋਲੀ ਨਾ ਸਿੱਖੀ ਜਾਵੇ ਅਤੇ ਨਾ ਬੋਲੀ ਜਾਵੇ। ਮੇਰਾ ਕਹਿਣਾ ਤਾਂ ਕੇਵਲ ਇੰਨਾ ਹੈ ਕਿ ਆਪਣੀ ਬੋਲੀ ਨੂੰ ਨਾ ਭੁਲੋ। ਨਾ ਹੀ ਮੈਂ ਕੋਈ ਪੰਜਾਬੀ ਦਾ ਵਿਦਵਾਨ ਹਾਂ, ਪਰ ਮੈਨੂੰ ਤਾਂ ਬਸ ਐਨਾ ਪਤਾ ਹੈ ਕਿ ਪੰਜਾਬੀ ਮੇਰੀ ਮਾਂ ਬੋਲੀ ਹੈ। ਗੁਰੂਆਂ ਦੀ ਬੋਲੀ ਹੈ। ਅਸੀਂ ਪੰਜਾਬੀ ਹਾਂ।

ਸਾਰੀਆਂ ਭਾਸ਼ਾਵਾਂ ਦੀ ਜਾਣਕਾਰੀ ਰੱਖੋ, ਲੋੜ ਪੈਣ ਤੇ ਬੋਲੋ, ਲਿਖੋ, ਸਮਝਾਉ, ਪਰ ਆਪਣੀ ਮਾਂ ਬੋਲੀ ਨੂੰ ਛੱਡ ਕੇ, ਭੁੱਲ ਕੇ ਨਹੀਂ।

ਕਿਸੇ ਨੇ ਬੜਾ ਵਧੀਆ ਕਿਹਾ ਹੈ: **ਮਾਂ ਬੋਲੀ ਨੂੰ ਭੁੱਲ ਜਾਉਗੇ, ਕੱਖਾਂ ਵਾਂਗੂੰ ਰੁਲ ਜਾਉਗੇ।**



ਸਿਆਸੀ ਚਿੰਤਨ-ਮੌਜੂਦਾ ਪੰਜਾਬ

ਗੁਰਮੀਤ ਪਲਾਹੀ

+91 98158 02070

## ਜੇ ਪੰਜਾਬ ਨੇ ਸਰਬ-ਪੱਖੀ ਵਿਕਾਸ ਕਰ ਲਿਆ ਹੈ ਤਾਂ...

ਪੰਜਾਬ ਉੱਤੇ ਹੁਣ ਰਾਜ ਕਰਦੀਆਂ ਅਤੇ ਪਹਿਲਾਂ ਰਾਜ ਕਰ ਚੁੱਕੀਆਂ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਵੱਲੋਂ ਰਾਜ ਦੇ ਵਿਕਾਸ ਅਤੇ ਸਰਬ-ਪੱਖੀ ਵਿਕਾਸ ਦੀ ਗੱਲ ਬਹੁਤ ਹੀ ਫ਼ਖਰ ਨਾਲ ਕੀਤੀ ਜਾਂਦੀ ਰਹੀ ਹੈ ਜਾਂ ਕੀਤੀ ਜਾ ਰਹੀ ਹੈ। ਇਹ ਨੇਤਾ ਪੰਜਾਬ ਨੂੰ ਦੇਸ਼ਭਗਤਾਂ ਦਾ ਖ਼ੁਸ਼ਹਾਲ ਸੂਬਾ ਗਰਦਾਨਦੇ ਨਹੀਂ ਥੱਕਦੇ, ਅਤੇ ਸੂਬੇ 'ਚ ਅਨਾਜ ਦੀ ਵੱਡੀ ਪੈਦਾਵਾਰ, ਸੜਕਾਂ-ਪੁਲਾਂ ਦਾ ਜਾਲ ਵਿਛਾਉਣ, ਸ਼ਹਿਰਾਂ-ਪਿੰਡਾਂ 'ਚ ਬੁਨਿਆਦੀ ਢਾਂਚੇ ਦੇ ਪਾਸਾਰ ਅਤੇ ਲੋਕਾਂ ਲਈ ਵੱਖੋ-ਵੱਖਰੀਆਂ ਭਲਾਈ ਸਕੀਮਾਂ ਲਾਗੂ ਕਰਨ ਨੂੰ ਆਪਣੀ ਅਤੇ ਆਪੋ-ਆਪਣੀ ਸਰਕਾਰ ਦੀ ਪ੍ਰਾਪਤੀ ਗਿਣਦਿਆਂ ਫੁੱਲੇ ਨਹੀਂ ਸਮਾਉਂਦੇ। ਕੀ ਸੱਚੁਮੱਚ ਆਜ਼ਾਦੀ ਪ੍ਰਾਪਤੀ ਜਾਂ ਖ਼ਾਸ ਤੌਰ 'ਤੇ 1966 'ਚ ਪੰਜਾਬੀ ਸੂਬੇ ਦੀ ਪ੍ਰਾਪਤੀ ਤੋਂ ਬਾਅਦ ਇਸ ਨੇ ਕੋਈ ਵਿਕਾਸ ਕੀਤਾ ਹੈ? ਜੇ ਇਹ ਵਿਕਾਸ ਹੋਇਆ ਹੈ ਤਾਂ ਕੀ ਸਰਬ-ਪੱਖੀ ਸੀ ਜਾਂ ਹੈ? ਕੀ ਰਾਜਨੀਤਕ ਪਾਰਟੀਆਂ ਦੇ ਇਹ ਨੇਤਾ ਸਰਬ-ਪੱਖੀ ਵਿਕਾਸ ਦੇ ਅਰਥ ਸਮਝਦੇ ਹਨ? ਜਾਂ ਸਰਬ-ਪੱਖੀ ਵਿਕਾਸ ਵੀ ਗ਼ਰੀਬੀ ਹਟਾਓ, ਜੈ ਕਿਸਾਨ-ਜੈ ਜਵਾਨ, ਅੱਛੇ ਦਿਨ ਆਨੇ ਵਾਲੇ ਹੈਂ, ਆਦਿ ਵਾਂਗ ਇੱਕ ਚੋਣ ਨਾਹਰਾ ਬਣ ਚੁੱਕਾ ਹੈ?

### ਕਿੱਥੇ ਚਲੇ ਗਏ ਪੰਜਾਬ ਦੇ ਪਾਣੀ

ਜੇਕਰ ਪੰਜਾਬ ਸਰਬ-ਪੱਖੀ ਵਿਕਾਸ ਕਰ ਗਿਆ ਹੈ ਤਾਂ 50,362 ਵਰਗ ਕਿਲੋਮੀਟਰ ਖੇਤਰ ਵਾਲੇ ਢਾਈ ਦਰਿਆਵਾਂ ਦੀ ਮਾਝੇ, ਮਾਲਵੇ, ਦੁਆਬੇ ਦੀ ਧਰਤੀ ਦੀਆਂ 82 ਤਹਿਸੀਲਾਂ, 87 ਸਬ-ਤਹਿਸੀਲਾਂ, 22 ਜ਼ਿਲ੍ਹਿਆਂ, 5 ਡਿਵੀਜ਼ਨਾਂ, 22 ਸ਼ਹਿਰਾਂ, 157 ਕਸਬਿਆਂ, 13000 ਤੋਂ ਵੱਧ ਪਿੰਡਾਂ ਅਤੇ 137 ਬਲਾਕਾਂ ਵਿੱਚੋਂ 122 ਬਲਾਕਾਂ ਵਿੱਚ ਧਰਤੀ ਹੇਠਲਾ ਪਾਣੀ ਖ਼ਤਰੇ ਦੇ ਨਿਸ਼ਾਨ ਤੱਕ ਕਿਉਂ ਪੁੱਜ ਗਿਆ ਹੈ? ਕਿੱਥੇ ਚਲੇ ਗਏ ਇਸ ਦੇ ਪਾਣੀ ਦੇ ਸੋਮੇ? ਕੌਣ ਲੈ ਗਿਆ ਇਸ ਦੇ ਦਰਿਆਵਾਂ ਦਾ ਪਾਣੀ ਅਤੇ ਕਿੱਥੇ ਗਏ ਇਸ ਦੇ ਸੁੰਦਰ ਝਰਨੇ, ਛੱਪੜ ਅਤੇ ਕਲ-ਕਲ ਕਰਦੀਆਂ ਵਗਦੀਆਂ ਨਹਿਰਾਂ ਦਾ ਪਾਣੀ?

### ਪੇਂਡੂ ਵਿਦਿਆਰਥੀ ਅਤੇ ਉੱਚ ਸਿੱਖਿਆ

ਜੇਕਰ ਪੰਜਾਬ ਸੱਚਮੁੱਚ ਸਰਬ-ਪੱਖੀ ਵਿਕਾਸ ਕਰ ਗਿਆ ਹੈ ਤਾਂ ਆਰਟਸ, ਹਿਉਮੈਨਿਟੀ, ਸਾਇੰਸ, ਇੰਜੀਨੀਅਰਿੰਗ, ਕਨੂੰਨ, ਡਾਕਟਰੀ, ਪਸ਼ੂ ਚਕਿਤਸਾ ਅਤੇ ਬਿਜ਼ਨਿਸ ਦੀਆਂ 32 ਯੂਨੀਵਰਸਿਟੀਆਂ, ਲੱਗਭੱਗ 250 ਇੰਜੀਨੀਅਰਿੰਗ ਕਾਲਜਾਂ, ਸੈਂਕੜੇ ਫਾਰਮੇਸੀ, ਨਰਸਿੰਗ, ਬਿਜ਼ਨਿਸ ਦੇ ਕਾਲਜਾਂ, ਸਰਕਾਰੀ ਸਕੂਲਾਂ, ਨਿੱਜੀ ਸਕੂਲਾਂ, ਆਂਗਣਵਾੜੀਆਂ, ਆਦਿ ਹੋਣ ਦੇ ਬਾਵਜੂਦ ਤਿੰਨ ਕਰੋੜ ਦੀ ਆਬਾਦੀ ਵਾਲੇ ਪੰਜ ਪਾਣੀਆਂ ਵਾਲੇ ਪੰਜਾਬ ਵਿੱਚ ਸਿਰਫ਼ 76.68 ਫ਼ੀਸਦੀ ਲੋਕ ਹੀ ਪੜ੍ਹਿਆਂ-ਲਿਖਿਆਂ ਦੀ ਸ਼੍ਰੇਣੀ 'ਚ ਕਿਉਂ ਆਏ ਹਨ, ਜਿਨ੍ਹਾਂ 'ਚ ਵੱਡੀ ਗਿਣਤੀ ਅੰਗੂਠੇ ਦੀ ਥਾਂ ਸਿਰਫ਼ ਦਸਤਖ਼ਤ ਕਰਨ ਵਾਲੇ ਅਤੇ ਦਸਵੀਂ ਤੋਂ ਉੱਪਰ ਨਾ ਜਾਣ ਵਾਲੇ ਵੀ ਸ਼ਾਮਲ ਹਨ? ਪੰਜਵੀਂ ਤੋਂ ਅੱਠਵੀਂ ਤੱਕ ਸਕੂਲਾਂ 'ਚ ਪੜ੍ਹਦੇ ਬੱਚਿਆਂ ਵਿੱਚ ਲੜਕੀਆਂ ਦੀ ਗਿਣਤੀ ਸਿਰਫ਼ 44 ਫ਼ੀਸਦੀ ਹੀ ਕਿਉਂ ਹੈ? ਸਿਰਫ਼ 5 ਫ਼ੀਸਦੀ ਹੀ ਪੇਂਡੂ ਵਿਦਿਆਰਥੀ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਦਾਖ਼ਲਾ ਲੈਂਦੇ ਹਨ, ਵੱਧ ਕਿਉਂ ਨਹੀਂ?

### ਕਿਸਾਨ ਅਤੇ ਆਤਮ-ਹੱਤਿਆਵਾਂ

ਜੇਕਰ ਪੰਜਾਬ ਨੇ ਸਰਬ-ਪੱਖੀ ਵਿਕਾਸ ਕਰ ਲਿਆ ਹੈ ਤਾਂ ਦੇਸ਼ ਦੀ ਕੁੱਲ ਕਪਾਹ ਦਾ 10.26 ਫ਼ੀਸਦੀ, ਕਣਕ ਦਾ 19.5 ਫ਼ੀਸਦੀ ਤੇ ਚੌਲਾਂ ਦਾ 11 ਫ਼ੀਸਦੀ ਪੈਦਾ ਕਰਨ ਵਾਲਾ ਸੂਬਾ ਪੰਜਾਬ, ਦੇਸ਼ ਪੱਧਰ 'ਤੇ ਖੇਤਾਂ 'ਚ ਫ਼ਸਲ ਉਗਾਉਣ ਲਈ ਵਰਤੀ ਜਾਂਦੀ 90 ਕਿਲੋਗ੍ਰਾਮ ਖ਼ਾਦ ਦੀ ਥਾਂ 223 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਖ਼ਾਦ ਪਾ ਕੇ, ਅਨਾਜ ਉਗਾ ਕੇ ਮੁਲਕ ਦੇ ਲੋਕਾਂ ਦਾ ਢਿੱਡ ਭਰਨ ਵਾਲਾ ਕਿਸਾਨ ਆਪ ਆਤਮ-ਹੱਤਿਆ ਕਰਨ ਦੇ ਰਸਤੇ ਕਿਉਂ ਤੁਰ ਪਿਆ ਹੈ? ਮਹਾਰਾਸ਼ਟਰ ਤੋਂ ਬਾਅਦ ਪੰਜਾਬ ਦਾ ਕਿਸਾਨ ਆਤਮ-ਹੱਤਿਆਵਾਂ ਦੇ ਮਾਮਲੇ 'ਚ ਦੂਜੇ ਥਾਂ ਉੱਤੇ ਹੈ, ਅਤੇ ਇੱਥੋਂ ਦੇ ਕਿਸਾਨਾਂ ਦੀ ਵੱਡੀ ਗਿਣਤੀ ਢਾਈ ਏਕੜ ਤੋਂ ਵੱਧ ਦੀ ਮਾਲਕ ਨਹੀਂ ਰਹੀ ਅਤੇ ਉਸ ਦੇ ਸਿਰ ਉੱਤੇ ਕਰੋੜਾਂ ਦਾ ਕਰਜ਼ਾ ਹੈ। ਸੂਬੇ ਦੇ 1, 25,000 ਕਿਸਾਨਾਂ ਨੇ ਸੂਦਖੋਰਾਂ ਤੋਂ ਕਰਜ਼ਾ ਲਿਆ ਹੋਇਆ ਹੈ।

### ਸਰਕਾਰੀ ਭਲਾਈ ਸਕੀਮਾਂ ਅਤੇ ਰਿਆਇਤਾਂ ਦੀ ਖ਼ੈਰਾਤ

ਜੇਕਰ ਪੰਜਾਬ ਨੇ ਵਿਕਾਸ ਕਰ ਲਿਆ ਹੈ ਤਾਂ ਗ਼ਰੀਬੀ ਰੇਖਾ ਤੋਂ ਹੇਠਲੇ ਘੱਟ ਆਮਦਨ ਵਾਲੇ 55 ਲੱਖ ਤੋਂ ਵੱਧ ਨੀਲੇ ਕਾਰਡ ਧਾਰਕ ਲੋਕ ਆਖ਼ਿਰ ਸਰਕਾਰ ਤੋਂ ਦੋ ਰੁਪਏ ਕਿੱਲੋ ਕਣਕ, ਚਾਵਲ ਲੈਣ ਲਈ ਮਜਬੂਰ ਕਿਉਂ ਹਨ? ਸਰਕਾਰ ਭਲਾਈ ਸਕੀਮਾਂ ਅਤੇ ਰਿਆਇਤਾਂ ਦੀ ਖ਼ੈਰਾਤ ਦੇ ਕੇ ਬਜ਼ੁਰਗਾਂ, ਗ਼ਰੀਬਾਂ ਤੇ ਲੋੜਵੰਦਾਂ ਨੂੰ ਅੱਧ-ਮਰੇ ਜਿਹੇ ਕਰਨ 'ਤੇ ਕਿਉਂ ਤੁਲੀ ਹੋਈ ਹੈ? ਸਰਕਾਰ ਪੜ੍ਹੇ-ਲਿਖੇ ਯੁਵਕਾਂ ਲਈ ਨੌਕਰੀਆਂ ਜਾਂ ਸਵੈ-ਰੁਜ਼ਗਾਰ ਦਾ ਪ੍ਰਬੰਧ ਕਰਨ ਤੋਂ ਅਸਮਰੱਥ ਕਿਉਂ ਹੈ? ਇਸ ਸ਼ਕਤੀਸ਼ਾਲੀ ਮਾਨਵੀ ਸ਼ਕਤੀ ਦੀ ਸਹੀ ਵਰਤੋਂ ਨਾ ਕਰ ਕੇ ਸਰਕਾਰ ਆਖ਼ਿਰ ਕਿਸ ਸਰਬ-ਪੱਖੀ ਵਿਕਾਸ ਦੀ ਗੱਲ ਕਰਦੀ ਹੈ?

ਸਰਬ-ਪੱਖੀ ਵਿਕਾਸ ਦੀ ਕਮੀ

ਪੁਲ, ਸੜਕਾਂ, ਉੱਚੀਆਂ ਇਮਾਰਤਾਂ, ਗਲੀਆਂ-ਨਾਲੀਆਂ, ਸੀਵਰੇਜ ਉਸਾਰੀ ਨੂੰ ਹੀ ਸਰਬ-ਪੱਖੀ ਵਿਕਾਸ ਨਹੀਂ ਗਿਣਿਆ ਜਾ ਸਕਦਾ ਹੈ। ਮਨੁੱਖ ਦੇ ਵਿਕਾਸ ਦੀ ਪਹਿਲ ਉਸ ਦੇ ਸਰੀਰ ਤੋਂ ਸ਼ੁਰੂ ਹੁੰਦੀ ਹੈ। ਬਚਪਨ 'ਚ ਚੰਗੀ ਖ਼ੁਰਾਕ, ਸਿਹਤ ਸੁਰੱਖਿਆ ਦੇ ਬਿਹਤਰੀਨ ਸਾਧਨ ਉਸ ਲਈ ਆਉਣ ਵਾਲੀ ਚੰਗੀ ਜ਼ਿੰਦਗੀ ਬਸਰ ਕਰਨ ਲਈ ਜ਼ਰੂਰੀ ਹਨ। ਚੰਗੀ ਸਿਹਤ ਚੰਗੇ ਵਾਤਾਵਰਣ ਬਿਨਾਂ ਸੰਭਵ ਹੀ ਨਹੀਂ। ਚੰਗੀ ਪੜ੍ਹਾਈ ਵੀ ਚੰਗੀ ਸਿਹਤ ਬਿਨਾਂ ਅਸੰਭਵ ਹੈ। ਇੰਜ ਮਨੁੱਖੀ ਸਿਹਤ ਲਈ ਸਿਹਤ ਸਹੂਲਤਾਂ ਦੀ ਪਾਪਤੀ, ਜਿਹੜੀ ਕਿ ਸਰਕਾਰ ਦੀ ਜ਼ਿੰਮੇਵਾਰੀ ਹੈ, ਸਰਬ-ਪੱਖੀ ਵਿਕਾਸ ਦਾ ਪਹਿਲਾ ਗੁਣ ਹੋ ਨਿੱਬੜਦੀ ਹੈ। ਸਮੇਂ-ਸਮੇਂ ਬਣੀਆਂ ਪੰਜਾਬ ਦੀਆਂ ਸਰਕਾਰਾਂ ਇਥੋਂ ਦੇ ਬਾਸ਼ਿੰਦਿਆਂ ਦੀ ਇਹ ਲੋੜ ਪੂਰੀ ਕਰਨ 'ਚ ਕਾਮਯਾਬ ਨਹੀਂ ਹੋਈਆਂ। ਜੇਕਰ ਇੰਜ ਹੁੰਦਾ ਤਾਂ ਚੰਗੇ ਹਸਪਤਾਲ ਪਿੰਡਾਂ, ਸ਼ਹਿਰਾਂ 'ਚ ਹੁੰਦੇ, ਜ਼ੱਚਾ-ਬੱਚਾ ਦੀ ਦੇਖਭਾਲ ਲਈ ਲੋੜੀਂਦੇ ਪ੍ਰਬੰਧ ਹੁੰਦੇ। ਇਹਨਾਂ ਦੀ ਕਮੀ ਕਾਰਨ ਸ਼ਹਿਰਾਂ ਅਤੇ ਕਸਬਿਆਂ 'ਚ ਤਿੰਨ ਤਾਰਾ, ਪੰਜ ਤਾਰਾ ਹਸਪਤਾਲਾਂ ਦੀ ਭਰਮਾਰ ਹੋਈ ਹੈ, ਅਤੇ ਇਨ੍ਹਾਂ ਵੱਲੋਂ ਕੀਤੀ ਜਾ ਰਹੀ ਲੁੱਟ ਆਖ਼ਿਰ ਕਿਸ ਕਿਸਮ ਦੇ ਵਿਕਾਸ ਦੀ ਕਹਾਣੀ ਦਰਸਾਉਂਦੀ ਹੈ? ਹਾਲੇ ਵੀ ਵੱਡੀ ਗਿਣਤੀ ਗਰਭਵਤੀ ਔਰਤਾਂ ਹਸਪਤਾਲਾਂ ਦੀ ਥਾਂ ਘਰੇਲੂ ਦਾਈਆਂ ਰਾਹੀਂ ਘਰਾਂ 'ਚ ਬੱਚੇ ਜੰਮਣ ਲਈ ਮਜਬੂਰ ਹਨ। ਵੱਡੀ ਗਿਣਤੀ ਬੱਚੇ ਲੋੜੀਦੀ ਖ਼ੁਰਾਕ ਬਿਨਾਂ ਖ਼ੂਨ, ਭਾਰ ਦੀ ਕਮੀ ਕਾਰਨ ਚੰਗੀ ਸਿਹਤ ਵਾਲੇ ਨਹੀਂ ਜਨਮਦੇ ਜਾਂ ਜਨਮ ਵੇਲੇ ਹੀ ਮਰ ਜਾਂਦੇ ਹਨ।

ਜਿਵੇਂ ਲੋਕਾਂ ਨੂੰ ਸਿਹਤ ਸਹੂਲਤਾਂ ਪਦਾਨ ਕਰਨ ਤੋਂ ਸਰਕਾਰ ਨੇ ਹੱਥ ਪਿੱਛੇ ਖਿੱਚ ਲਿਆ ਹੈ, ਇਵੇਂ ਹੀ ਸਿੱਖਿਆ ਨੂੰ ਆਪਣੀ ਮੌਤੇ ਆਪ ਮਰਨ ਲਈ ਛੱਡ ਦਿੱਤਾ ਹੈ। ਸਿਹਤ-ਸਿੱਖਿਆ ਪੰਜਾਬ 'ਚ ਵਪਾਰ ਬਣੀ ਦਿੱਸਦੀ ਹੈ, ਭਾਵੇਂ ਕਿ ਸੁਪਰੀਮ ਕੋਰਟ ਦੇ ਇੱਕ ਫ਼ੈਸਲੇ 'ਚ ਕਿਹਾ ਗਿਆ ਹੈ ਕਿ ਸਿੱਖਿਆ ਵਪਾਰ ਨਹੀਂ, ਬਲਕਿ ਇੱਕ ਸਰਬ ਉੱਚ ਤੇ ਪਵਿੱਤਰ ਕਾਰਜ ਹੈ। ਸਿੱਖਿਆ ਦਾ ਮਨੋਰਥ ਦੇਸ਼ ਦੇ ਲੋਕਾਂ ਨੂੰ ਮਜ਼ਬੂਤ ਜਾਂ ਸਸ਼ਕਤ (ਗੁਣ ਸੰਪਨ) ਬਣਾਉਣਾ ਹੈ।

**ਧਰਤੀ ਨਾਲੋਂ ਟੁੱਟੀਆਂ ਅਸਾਵੀਆਂ, ਬੇ-ਜੋੜ ਨੀਤੀਆਂ**

ਚੰਗੀ ਸਿਹਤ, ਉੱਚ ਪਾਏ ਦੀ ਸਿੱਖਿਆ, ਸ਼ੁੱਧ ਵਾਤਾਵਰਣ ਉਪਰੰਤ ਹਰ ਵਰਗ ਦੇ ਲੋਕਾਂ ਨੂੰ ਰੁਜ਼ਗਾਰ ਦੇ ਕੇ ਅਤੇ ਉਸ ਖਿੱਤੇ ਦੇ ਕੁਦਰਤੀ ਸੋਮਿਆਂ ਦੀ ਸਹੀ ਵਰਤੋਂ ਕਰ ਕੇ ਸਵੈ-ਰੁਜ਼ਗਾਰ ਪੈਦਾ ਕਰ ਕੇ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰ ਕੇ ਉਥੋਂ ਦੇ ਬਾਸ਼ਿੰਦਿਆਂ ਦਾ ਜੀਵਨ, ਰਹਿਣ-ਸਹਿਣ ਉੱਚਾ ਕਰਨਾ ਹੀ ਸਹੀ ਅਤੇ ਸਮੂਹਿਕ ਸਰਬ-ਪੱਖੀ ਵਿਕਾਸ ਗਿਣਿਆ ਜਾ ਸਕਦਾ ਹੈ। ਪੰਜਾਬ ਇਸ ਲੀਹੇ ਤੁਰ ਹੀ ਨਹੀਂ ਸਕਿਆ। ਜੇਕਰ ਲੋਕਾਂ ਦੀ ਔਸਤ ਆਮਦਨ ਵਧੀ ਹੈ ਤਾਂ ਖ਼ਰਚ ਉਸ ਨਾਲੋਂ ਵੀ ਉੱਚਾ ਹੋਇਆ ਹੈ, ਤੇ ਜਿਊਣਾ ਹੋਰ ਵੀ ਦੁੱਭਰ; ਜਿਸ ਵਿੱਚ ਵੱਡਾ ਖ਼ਰਚਾ ਬਿਮਾਰੀਆਂ ਦੇ ਇਲਾਜ ਕਰਾਉਣ ਲਈ ਦਵਾਈਆਂ ਆਦਿ ਦਾ ਹੈ।

ਜ਼ਮੀਨ ਦੀ ਵੰਡ ਕਾਰਨ ਕਿਸਾਨਾਂ ਦੀ ਜ਼ਮੀਨ ਦੇ ਟੁਕੜੇ ਛੋਟੇ ਰਹਿ ਗਏ ਹਨ ਅਤੇ ਖੇਤੀ ਨਾਲ ਸੰਬੰਧਤ ਹੋਰ ਰੁਜ਼ਗਾਰ ਪੈਦਾ ਨਹੀਂ ਹੋ ਸਕਿਆ। ਕਣਕ, ਚਾਵਲ, ਗੰਨਾ, ਮੱਕੀ, ਕਪਾਹ, ਆਲੂ ਦੀ ਪੈਦਾਵਾਰ ਵਧੀ, ਪਰ ਖੇਤੀ ਆਧਾਰਤ ਕੋਈ ਵੱਡਾ ਉਦਯੋਗ ਸੂਬੇ 'ਚ ਸਥਾਪਤ ਨਹੀਂ ਹੋ ਸਕਿਆ। ਕਿਸਾਨ ਸਾਲ ਵਿੱਚੋਂ ਲੰਮਾ ਸਮਾਂ ਵਿਹਲੇ ਰਹਿੰਦੇ ਹਨ ਤੇ ਹੋਰ ਕੰਮਾਂ 'ਚ ਉਨ੍ਹਾਂ ਲਈ ਮੌਕੇ ਪੈਦਾ ਹੀ ਨਾ ਕੀਤੇ ਗਏ। ਖ਼ਾਦਾਂ, ਕੀਟ ਨਾਸ਼ਕਾਂ ਦੀ ਵਧੇਰੇ ਵਰਤੋਂ ਨੇ ਜ਼ਮੀਨ ਹੀ ਬਰਬਾਦ ਨਹੀਂ ਕੀਤੀ, ਉਸ ਜ਼ਮੀਨ 'ਤੇ ਖੇਤੀ ਕਰਨ ਵਾਲੇ ਵੀ ਬਿਮਾਰ ਕੀਤੇ। ਸਿੱਟਾ? ਫ਼ਸਲਾਂ ਹੀ ਨਸ਼ਟ ਨਾ ਹੋਈਆਂ, ਸਿਹਤਾਂ ਵੀ ਨਸ਼ਟ ਹੋਈਆਂ। ਖ਼ਰਚੇ ਵਧੇ ਤਾਂ ਮਨੁੱਖੀ ਵਿਕਾਸ ਕਿਵੇਂ ਹੋਣਾ ਸੀ ? ਖੇਤੀ ਹੀ ਰੋਟੀ ਦਾ ਸਾਧਨ ਸੀ, ਜੋ ਨਿੱਤ ਥੁੜਾਂ ਪੈਦਾ ਕਰਦੀ ਗਈ। ਬੱਚਿਆਂ ਦੀ ਪੜ੍ਹਾਈ ਛੁੱਟ ਗਈ, ਜਾਂ ਸੀਮਤ ਰਹਿ ਗਈ। ਉੱਚੇ ਸਾਧਨਾਂ ਵਾਲਿਆਂ ਅਤੇ ਘੱਟ ਜ਼ਮੀਨਾਂ ਜਾਂ ਜ਼ਮੀਨਾਂ-ਰਹਿਤ ਲੋਕਾਂ 'ਚ ਆਮਦਨ ਦਾ ਪਾੜਾ ਵਧਣਾ ਸੀ, ਜੋ ਵਧਿਆ ਵੀ।

ਇਨ੍ਹਾਂ ਸੀਮਤ ਸਾਧਨਾਂ ਵਾਲਿਆਂ ਦੇ ਜਿਹੜੇ ਬੱਚੇ ਥੋੜ੍ਹਾ-ਬਹੁਤ ਪੜ੍ਹੇ, ਬਿਨਾਂ ਹੱਥੀਂ ਕਿੱਤਾ ਸਿਖਾਉਣ ਵਾਲੇ ਸਕੂਲਾਂ, ਅਦਾਰਿਆਂ ਦੀ ਥੁੜੋਂ ਕਾਰਨ ਸਿਰਫ਼ ਚਿੱਟਾ ਕਾਲਰ ਨੌਕਰੀਆਂ ਮਗਰ ਭੱਜਦੇ ਹੰਭਦੇ ਗਏ। ਕੁਝ ਹੰਭ-ਹੁੱਟ ਕੇ ਵਿਦੇਸ਼ਾਂ 'ਚ ਧੱਕੇ ਖਾਣ ਲਈ ਪੰਜਾਬ ਛੱਡ ਗਏ, ਕੁਝ ਦਲਾਲਾਂ ਹੱਥ ਆ ਕੇ ਵਿਦੇਸ਼ ਜਾਣ ਦੀ ਦੌੜ 'ਚ ਡੁੱਗਾ ਚੌੜ ਕਰਾ ਬੈਠੇ, ਪਰ ਕੁਝ ਵਿਦੇਸ਼ੀਂ ਪੁੱਜ ਵੀ ਗਏ। ਉਂਜ ਵੀ ਹੱਥਾਂ 'ਚ ਡਿਗਰੀਆਂ ਚੁੱਕੀ ਫਿਰਦੇ ਨੌਜਵਾਨ ਪਿਛਲੇ ਦੋ-ਤਿੰਨ ਦਹਾਕਿਆਂ ਤੋਂ ਮਾਰੇ-ਮਾਰੇ ਫਿਰਦੇ, ਕਿਸੇ ਨਾ ਕਿਸੇ ਅਣਹੋਣੀ, ਕਿਸੇ ਨਾ ਕਿਸੇ ਆਫਤ ਦਾ ਸ਼ਿਕਾਰ ਹੁੰਦੇ ਗਏ, ਅਤੇ ਇਨ੍ਹਾਂ ਨੌਜਵਾਨਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਰਿਹਾ। ਪੰਜਾਬ ਬੇਤਰਤੀਬੇ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਧਰਤੀ ਨਾਲੋਂ ਟੁੱਟੀਆਂ ਅਸਾਵੀਆਂ, ਬੇ-ਜੋੜ ਨੀਤੀਆਂ ਅਤੇ ਲੋੜੋਂ ਵੱਧ ਸਰਕਾਰੀ ਖ਼ਰਚੇ ਕਾਰਨ ਕਰਜ਼ੇ 'ਚ ਡੁੱਬ ਗਿਆ। ਉਸ ਕੋਲ ਬਹੁਤੀ ਵੇਰ ਆਪਣੀ ਖ਼ਜ਼ਾਨੇ ਦੀ ਆਮਦਨ (ਜੋ ਮੁੱਖ ਤੌਰ 'ਤੇ ਸ਼ਰਾਬ ਦੇ ਠੇਕਿਆਂ ਤੇ ਟੈਕਸ ਅਤੇ ਐਕਸਾਈਜ਼ ਕਾਰਨ ਪ੍ਰਾਪਤ ਹੁੰਦੀ ਹੈ) ਘੱਟ ਹੁੰਦੀ ਹੈ ਤੇ ਖ਼ਰਚਾ ਬੇ- ਤਰਤੀਬਾ ਤੇ ਫਜ਼ੂਲ (ਉਦਾਹਰਣ ਵਜੋਂ ਭਲਾ ਸੂਬੇ ਵਿੱਚ 25 ਮੁੱਖ ਪਾਰਲੀਮਾਨੀ ਸਕੱਤਰਾਂ ਦੀ ਸਰਕਾਰ ਵਿੱਚ ਕੀ ਲੋੜ ਸੀ? )। ਇਸੇ ਤਰ੍ਹਾਂ ਵੱਖੋ-ਵੱਖਰੇ ਮਹਿਕਮਿਆਂ 'ਚ ਉੱਪਰਲੇ ਅਫ਼ਸਰਾਂ ਦੀ ਵੱਡੀ ਫ਼ੌਜ ਅਤੇ ਉਸ ਦਾ ਵੱਡਾ ਖ਼ਰਚ (ਜਿਵੇਂ ਕਦੇ ਅਣਵੰਡੇ ਪੰਜਾਬ 'ਚ ਇੱਕ

ਡਾਇਰੈਕਟਰ ਜਨਰਲ ਪੁਲਸ ਸੀ ਤੇ ਸੀਮਤ ਹੋਰ ਅਫ਼ਸਰ, ਪਰ ਹੁਣ ਦਰਜਨਾਂ ਡੀ ਜੀ ਪੀ, ਵਧੀਕ ਏ ਡੀ ਜੀ ਪੀ ਅਤੇ ਹੋਰ ਵੱਡੇ ਅਫ਼ਸਰ ਅਤੇ ਛੋਟੇ ਅਫ਼ਸਰ ਤੇ ਸਿਪਾਹੀ ਲੋਕਾਂ ਨਾਲੋਂ ਵੱਧ ਨੇਤਾਵਾਂ ਦੀ ਸਕਿਉਰਿਟੀ 'ਤੇ ਲੱਗੇ ਹੋਏ ਹਨ) ਪੰਜਾਬ ਦੇ ਲੋਕਾਂ ਦੇ ਟੈਕਸ ਉੱਤੇ ਵੱਡਾ ਭਾਰ ਬਣ ਕੇ ਉਨ੍ਹਾਂ ਲਈ ਖ਼ਰਚੀ ਜਾਣ ਵਾਲੀ ਵਿਕਾਸ ਦੀ ਰਕਮ ਉੱਤੇ ਸੰਨ੍ਹ ਲਾਈ ਬੈਠੇ ਹਨ। ਇਸੇ ਤਰ੍ਹਾਂ ਸਰਬ-ਪੱਖੀ ਵਿਕਾਸ ਦੇ ਨਾਮ ਉੱਤੇ ਜਿੱਥੇ ਸਿਆਸੀ ਸਰਪ੍ਰਸਤੀ 'ਚ ਲੋੜੋਂ ਵੱਧ ਪਿੰਡਾਂ ਦੇ ਚੌਧਰੀਆਂ ਨੂੰ ਗ੍ਰਾਂਟਾਂ ਬਖਸ਼ ਕੇ ਵੋਟ ਬੈਂਕ ਪੱਕਾ ਕੀਤਾ ਜਾ ਰਿਹਾ ਹੈ, ਉੱਥੇ ਅਸਲ ਸਮੂਹਿਕ ਵਿਕਾਸ ਸਕੀਮਾਂ ਵੱਲੋਂ ਮੁੱਖ ਮੋੜ ਕੇ ਪੰਜਾਬ ਨੂੰ ਉਡਾਣਾਂ ਵੱਲ ਲੈ ਜਾਣ ਦੀ ਬਜਾਏ ਨੀਵਾਣਾਂ ਵੱਲ ਧੱਕਿਆ ਗਿਆ ਹੈ, ਅਤੇ ਸਮੂਹਿਕ ਵਿਕਾਸ ਨੂੰ ਇਥੋਂ ਦੇ ਬਾਸ਼ਿੰਦਿਆਂ ਦੇ ਹਰ ਕਿਸਮ ਦੇ ਵਿਕਾਸ ਦੀ ਥਾਂ ਗਲੀਆਂ-ਨਾਲੀਆਂ, ਪੁਲਾਂ, ਸੀਵਰੇਜ, ਇਮਾਰਤਾਂ, ਸੜਕਾਂ ਬਣਾਉਣ ਨੂੰ ਸਰਬ-ਪੱਖੀ ਵਿਕਾਸ ਦਾ ਨਾਂਅ ਦੇ ਦਿੱਤਾ ਗਿਆ ਹੈ।

**ਹਾਲੇ ਵੀ ਕੁਝ ਨਹੀਂ ਵਿਗੜਿਆ**

ਡੁੱਲ੍ਹੇ ਬੇਰਾਂ ਦਾ ਹਾਲੇ ਵੀ ਕੁਝ ਨਹੀਂ ਵਿਗੜਿਆ। ਪੰਜਾਬ ਨੇ ਜੇਕਰ ਸਰਬ-ਪੱਖੀ ਵਿਕਾਸ ਕਰਨਾ ਹੈ ਤਾਂ ਨੌਕਰੀਆਂ ਕਰਨ ਵਾਲਿਆਂ ਲਈ ਨੌਕਰੀਆਂ ਦੇਣ ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਜਾਣਾ ਬਣਦਾ ਹੈ। ਜੇਕਰ ਨੌਜਵਾਨ ਸਵੈ-ਰੁਜ਼ਗਾਰਤ ਹੋਣਾ ਚਾਹੁੰਦੇ ਹਨ, ਜਾਂ ਕਿਸਾਨ ਆਪਣੇ ਛੋਟੇ ਕਾਰੋਬਾਰ ਖੇਤੀ ਦੇ ਨਾਲ-ਨਾਲ ਚਲਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਲਈ ਜ਼ਰੂਰੀ ਕਿੱਤਾ ਸਿਖਲਾਈ ਦਾ ਪ੍ਰਬੰਧ ਕਰਨਾ ਸਰਕਾਰ ਦਾ ਜ਼ਿੰਮਾ ਹੈ। ਵੱਡੇ ਖੇਤੀ ਉਦਯੋਗ ਸੂਬੇ ਦੇ ਵਿਕਾਸ 'ਚ ਵੱਡਾ ਰੋਲ ਅਦਾ ਕਰ ਸਕਦੇ ਹਨ, ਜਿਹੜੇ ਜਿੱਥੇ ਇਥੇ ਪੈਦਾ ਹੁੰਦੇ ਅਨਾਜ ਤੋਂ ਭਾਂਤ -ਭਾਂਤ ਦੇ ਪਦਾਰਥ ਬਣਾ ਕੇ ਉਸ ਦਾ ਮੰਡੀਕਰਨ ਕਰਨ, ਉਥੇ ਲੋਕਾਂ ਨੂੰ ਰੁਜ਼ਗਾਰ ਵੀ ਮਿਲੇ। ਸੂਬੇ 'ਚ ਦੁੱਧ, ਪਨੀਰ, ਲੱਸੀ, ਸਾਗ, ਖੰਡ, ਗੁੜ, ਅਚਾਰ, ਆਦਿ ਬਣਾਉਣਾ ਇਥੋਂ ਦੇ ਲੋਕਾਂ ਦੇ ਹੱਥ ਦਾ ਗਹਿਣਾ ਬਣੇ, ਜਿਵੇਂ ਜਾਪਾਨੀਆਂ ਦੇ ਘਰ-ਘਰ ਇਲੈਕਟ੍ਰਾਨਿਕ ਚੀਜ਼ਾਂ ਬਣਾਉਣਾ ਤੇ ਸਵਿੱਟਜ਼ਰਲੈਂਡ 'ਚ ਘੜੀਆਂ ਦਾ ਛੋਟਾ-ਵੱਡਾ ਉਦਯੋਗ ਹੈ। ਸਰਕਾਰ ਲੋਕਾਂ ਪ੍ਰਤੀ ਸੁਹਿਰਦ ਹੋਵੇ, ਐਵੇਂ ਮਾਰੇ ਦਮਗਜੇ ਲੋਕਾਂ ਦਾ ਕੁਝ ਵੀ ਸੁਆਰ ਨਹੀਂ ਸਕਦੇ।

ਲੋੜ ਸਰਕਾਰ ਨੂੰ ਆਪਣਾ ਫਰਜ਼ ਸਮਝਦਿਆਂ ਸਿਹਤ, ਸਿੱਖਿਆ ਦਾ ਪਬੰਧ ਆਪਣੇ ਹੱਥ ਵਿੱਚ ਲੈਣ ਅਤੇ ਇੱਥੋਂ ਦੇ ਕੁਦਰਤੀ ਸਾਧਨਾਂ ਦੀ ਸਹੀ ਵਰਤੋਂ ਕਰਦਿਆਂ ਰੁਜ਼ਗਾਰ ਪੈਦਾ ਕਰ ਕੇ ਨਵੀਂਆਂ ਨੌਕਰੀਆਂ ਪੈਦਾ ਕਰਨ ਦੀ ਹੈ, ਲੋਕ ਭਲਾਈ ਸਕੀਮਾਂ ਨਾਲ ਲੋਕਾਂ ਨੂੰ ਵਰਗ ਲਾ ਕੇ ਖ਼ੈਰਾਤ ਵੰਡਣ ਦੀ ਨਹੀਂ, ਤਾਂ ਕਿ ਲੋਕਾਂ ਦੀ ਅਥਾਹ ਸ਼ਕਤੀ ਨੂੰ ਸਰਬ-ਪੱਖੀ ਵਿਕਾਸ ਲਈ ਸਹੀ ਮਾਅਨਿਆਂ 'ਚ ਵਰਤਿਆ ਜਾ ਸਕੇ।



## ਕਵਿਤਾ: ਔਰਤ ਹਾਂ ਮੈਂ

ਪ੍ਰਿਅੰਕਾ ਪਾਰਸ

ਅਬਲਾ ਨਹੀਂ ਔਰਤ ਹਾਂ ਮੈਂ ,
ਖ਼ਾਕ ਨਹੀਂ ਮੇਰੀ ਜਿੰਦਗੀ , ਆਖਰ ਔਰਤ ਹਾਂ ਮੈਂ

ਭਾਵੇਂ ਜ਼ਮਾਨਾ ਕਿੰਨਾ ਹੀ ਅਜ਼ਮਾਉਂਦਾ ਹੈ
ਇਨਸਾਨ ਹਾਂ ਕੋਈ ਫਰਿਸ਼ਤਾ ਨਹੀਂ ਹਾਂ ਮੈਂ

ਹਦ ਹੋਣੀ ਚਾਹੀਦੀ ਹਰ ਗੱਲ ਦੀ
ਇਬਾਦਤ ਹਾਂ ਗੁਨਾਗਾਰ ਨਹੀਂ ਹਾਂ ਮੈਂ

ਕਿਓਂ ਲੋਕ ਮੈਨੂੰ ਜਾਣਦੇ ਨਹੀਂ ,
ਕੀ ਅਸਮਾਨ ਦੇ ਬਰਾਬਰ ਨਹੀਂ ਹਾਂ ਮੈਂ

ਦਰਦਾਂ ਸਹਿ ਕੇ ਉਪਜਾਂ ਨਵੀਂ ਜਿਦੰਗੀ ਮੈਂ,
ਫ਼ਿਰ ਮਰਦਾਂ ਦੀਆਂ ਨਜ਼ਰਾਂ ਵਿਚੋਂ ਕਿਓਂ ਪੈਰ ਦੀ ਜੁੱਤੀ ਹਾਂ ਮੈਂ

ਹਰ ਰਿਸ਼ਤੇ ਨੂੰ ਨਿਭਾਵਾਂ ਮੈਂ
ਰੱਬ ਦੀਆਂ ਰਹਿਮਤਾਂ ਨੂੰ ਮਾਣਾਂ ਮੈਂ

ਕਦੇ ਮਾਂ ਮਰੀਅਮ ਕਦੇ ਮਾਂ ਸੀਤਾ
ਕਦੇ ਰਾਣੀ ਝਾਂਸੀ ਤੇ ਕਦੇ ਮਾਂ ਬੋਲੀਂ ਬਣੀ ਮੈਂ

ਕਰ ਦੇ ਰਹਿਮਤ ਸਾਡੇ ਤੇ ਏ ਖ਼ੁਦਾ
ਕਿਸੇ ਤੋਂ ਘੱਟ ਨਹੀਂ ਹਾਂ ਮੈਂ



## ਪੁਸਤਕ ਸਮੀਖਿਆ

ਡਾ. ਜਗੀਰ ਸਿੰਘ ਨੂਰ

+91 98142 09732

‘ **ਜਗਦੀਆਂ ਪੈੜਾਂ** ’ **ਪ੍ਰਿੰ. ਕਰਤਾਰ ਸਿੰਘ** ਕਾਲੜਾ ਦੁਆਰਾ ਰਚਿਤ ਸਾਰੀਆਂ ਪੰਜਾਬੀ ਗ਼ਜ਼ਲਾਂ ਦਾ ਸੰਗ੍ਰਹਿ ਹੈ, ਜਿਸ ਦੀ ਸੰਪਾਦਨਾ ਸੁਲੱਖਣ ਸਰਹੱਦੀ ਨੇ ਕੀਤੀ ਹੈ। ਪ੍ਰਿੰ . ਕਾਲੜਾ ਉਨ੍ਹਾਂ, ਉਗਲੀ ਤੇ ਗਿਣਨਯੋਗ ਸਫਲ ਗ਼ਜ਼ਲਕਾਰਾਂ ’ਚੋਂ ਸਿਰਕੱਢਵਾਂ ਗ਼ਜ਼ਲਗੋ ਹੈ ਜਿਨ੍ਹਾਂ ਨੇ ਪੰਜਾਬੀ ਗ਼ਜ਼ਲ ਸਿਰਜਣਾ ਵਿਚ ਵਿਚਾਰ ਅਤੇ ਵਿਧੀ-ਵਿਧਾਨ ਪੱਖੋਂ ਉੱਘਾ ਯੋਗਦਾਨ ਪਾ ਕੇ ਇਸ ਨੂੰ ਅਰਬੀ, ਫਾਰਸੀ ਅਤੇ ਉਰਦੂ ਜ਼ੁਬਾਨ ਦੀਆਂ ਗ਼ਜ਼ਲਾਂ ਦੇ ਮੇਚ ਦਾ ਬਣਾਇਆ ਹੈ। ਇਸ ਵੱਡ-ਆਕਾਰ ਗ਼ਜ਼ਲ ਸੰਗ੍ਰਹਿ ਤੋਂ ਕਾਲੜਾ ਸਾਹਿਬ ਦੀ ਗ਼ਜ਼ਲ-ਸਿਰਜਣਾ ਦੇ ਇਤਿਹਾਸਕ ਵਿਕਾਸ-ਕ੍ਰਮ ਨੂੰ ਵੀ ਵਾਚਿਆ ਜਾ ਸਕਦਾ ਹੈ। ਪੁਖ਼ਤਾ ਸ਼ੈਲੀ ’ਚ ਨਿਭਾਏ ਵਿਭਿੰਨ ਕਲਾਤਮਿਕ ਗੁਣਾਂ ਦਾ ਪ੍ਰਮਾਣ ਵੀ ਇਹ ਸੰਗ੍ਰਹਿ ਬਣਦਾ ਹੈ।




ਪ੍ਰਿੰ. ਕਰਤਾਰ ਸਿੰਘ ਕਾਲੜਾ ਦੀ ਸਮੁੱਚੀ ਗ਼ਜ਼ਲਗੋਈ ਵਿਸ਼ਵ ਦੇ ਮਾਨਵ ਨੂੰ ਅੰਦਰੂਨੀ ਅਤੇ ਬਾਹਰੀ ਚਾਨਣ ਪ੍ਰਦਾਨ ਕਰਦੀ ਹੈ। ਇਸ ਸ਼ਾਇਰ ਦੇ ਬਹੁਤ ਸਾਰੇ ਗ਼ਜ਼ਲ-ਸੰਗ੍ਰਹਿ ‘ ਚਾਨਣ ’ ਸ਼ਬਦ ਦੇ ਸਿਰਲੇਖ ਤਹਿਤ ਹੀ ਪ੍ਰਕਾਸ਼ਿਤ ਹੋਏ ਹਨ। ‘ ਚਾਨਣ ਦੀ ਰਖਵਾਲੀ ’, 'ਚਾਨਣ ਦੇ ਵਣਜਾਰੇ', 'ਚਾਨਣ ਦੇ ਪੰਧ', 'ਚਾਨਣ ਦੀ ਮਹਿਕ', 'ਚਾਨਣ ਦੇ ਰੰਗ ਦੀ ਸ਼ਾਇਰੀ', 'ਚਾਨਣ ਦਾ ਪੁੱਲ', 'ਚਾਨਣ-ਚਾਨਣ-ਮੈਂ', 'ਸਮਕਾਲੀ ਪੰਜਾਬੀ ਗ਼ਜ਼ਲ' ਅਤੇ ਮੈਂ ਯਥਾਰਥ ਹਾਂ ਜਿਊਂਦਾ ਜਾਗਦਾ। ਇਹ ਸਾਰੇ ਗ਼ਜ਼ਲ-ਸੰਗ੍ਰਹਿ ਹਥਲੀ ਪੁਸਤਕ ਜ਼ਰੀਏ ‘ ਦੀਵਾਨ ’ ਰੂਪ ’ਚ ਪਾਠਕਾਂ ਦੇ ਹੱਥਾਂ ’ਚ ਹਨ। ਏਨੀਆਂ ਹੀ ਹੋਰ ਸਿਧਾਂਤਕਾਰੀ, ਆਲੋਚਨਾਤਮਕ ਪੁਸਤਕਾਂ ਦਾ ਰਿਚੇਤਾ, ਸੁਲੱਖਣ ਸਰਹੱਦੀ ਦੇ ਸ਼ਬਦਾਂ ’ਚ ‘ ਪੈਰਾਂ ਨਾਲ ਉੱਡਣ ਵਾਲਾ ਸ਼ਕਤੀਸ਼ਾਲੀ ਸ਼ਾਇਰ ’ ਹੈ।

ਪ੍ਰਿੰ. ਕਰਤਾਰ ਸਿੰਘ ਕਾਲੜਾ ਦੀ ਸ਼ਾਇਰੀ, ਵਿਸ਼ਵ ਪੱਧਰ ’ਤੇ ਪੱਸਰੇ ਹ ਏ ਪਾਪਾਂ, ਪਖੰਡਾਂ, ਦਲਿੱਦਰਾਂ ਅਤੇ ਆਪੋ- ਧਾਪੀ ਜਿਹੇ ਕੋਹੜਾਂ ਨੂੰ ਉੱਚੇ-ਸੁੱਚੇ ਇਖਲਾਕੀ ਗੁਣਾਂ ਨਾਲ ਧੋ ਕੇ ਸਵੱਸ਼ ਮਾਨਵਤਾ ਸਿਰਜਣ ਦਾ ਪੈਗ਼ਾਮ ਹੈ। ਉਸਦੀ ਸੋਚ-ਦ੍ਰਿਸ਼ਟੀ ਦਾ ਕੇਂਦਰੀ ਨੁਕਤਾ ਇਹ ਹੈ ਕਿ-

**( ੳ ) ਚਾਨਣ ਦੇ ਵਣਜਾਰੇ ਆਪਾਂ, ਚਾਨਣ ਵੰਡਣਾ ਫ਼ਿਤਰਤ ਹੈ ,**
**ਸੂਰਜ ਨੂੰ ਥਾਲੀ ਵਿਚ ਪਾ ਕੇ, ਘਰ ਘਰ ਚਾਨਣ ਵੰਡਾਂਗੇ ।**

**( ਅ ) ਹਨੇਰੇ-ਬਾਜ਼ ਘੋਰ ਅਪ੍ਰਾਧ ਕਰਦੇ ਨੇ ਹਨੇਰੇ ਵਿਚ**
**ਮੈ ਚਾਨਣ ਕਰਕੇ ਐਸੇ ਨ੍ਹੇਰ ਤੋਂ ਪਰਦਾ ਉਠਾਉਂਦਾ ਹਾਂ।**

ਕਵੀ ਦੀ ਇਹ ਅਰਾਧਨਾ ਵਿਸ਼ਵ ਦੇ ਮਾਨਵ ਦੀ ਖੁਸ਼ਹਾਲੀ ਵਿਚ ਨਿਹਿਤ ਹੈ ਅਤੇ ਉਪਾਸ਼ਨਾ ਸਾਂਝੀਵਾਲਤਾ ਅਤੇ ਪਿਆਰ ਦੀਆਂ ਪੀਡੀਆਂ ਤੰਦਾਂ ਦੇ ਤਾਣੇਬਾਣੇ ਵਿਚ ਬੁਣੀ ਹੋਈ ਹੈ। ਇਹ ਸ਼ਿਅਰ ਵੇਖੋ-

ਚਿਹਰਿਆਂ ’ਤੇ ਰੌਣਕ ਤੇ ਖ਼ੂਨ ਵਿਚ ਲਾਲੀ ਵਧੀ ਹੈ।
ਸਰਬ ਸਾਂਝੀ ਜ਼ਿੰਦਗੀ ਦੀ ਆਰਤੀ ਜਦ ਵੀ ਉਤਾਰੀ।

ਹਿੰਮਤ, ਲਗਨ, ਮਿਹਨਤ ਅਤੇ ਸਿਰੜ ਮਾਨਵੀ ਸ਼ਕਤੀ ਦੇ ਸਰੋਤ ਹਨ, ਤਰੱਕੀ ਦਾ ਵਸੀਲਾ ਹਨ ਅਤੇ ਪਿਆਰ ਦੇ ਸੋਮੇ ਹਨ। ਇਸੇ ਤਰ੍ਹਾਂ ਅਮਨ-ਸ਼ਾਂਤੀ ਦੀ ਸਥਾਪਤੀ, ਅਹਿੰਸਾ ਦਾ ਪਸਾਰਾ ਅਤੇ ਈਮਾਨ ਤਰੱਕੀ ਦੀ ਆਧਾਰ ਭੂਮੀ ਹੈ।

ਸ਼ਿਅਰ ਵੇਖੋ-

**ਇਮਾਨਦਾਰੀ ਦਾ ਜਿਉ ਹੀ ਚੜ੍ਹਿਆ ਹੈ ਰੂਪ ਮਿਹਨਤ ਤੇ ਹਿੰਮਤ ਨੂੰ,**
**ਤਰੱਕੀ ਕੀਤੀ ਜਾਪਾਨ ਤਿਉ ਤਿਉ ਜਲੌਅ ਵੀ ਚੜ੍ਹਿਆ ਹੈ ਚੀਨ ਉੱਤੇ।**

ਆਰਥਕ ਕਾਣੀ ਵੰਡ, ਮਿਹਨਤਕਸ਼ ਦੀ ਦੁਰਦਸ਼ਾ, ਭ੍ਰਿਸ਼ਟਾਚਾਰ ਦਾ ਪਾਸਾਰਾ, ਰਾਜਸੀ ਨੇਤਾਵਾਂ ਵੱਲੋਂ ਚਲਦੀਆਂ ਕੋਝੀਆਂ ਚਲਾਕੀਆਂ, ਸਮਾਜਕ ਪੱਖ ਤੋਂ ਪੱਸਰੇ ਹੋਏ ਜਾਤੀ-ਪਾਤੀ ਵੰਡ-ਵਖਰੇਵੇ, ਧਾਰਮਿਕ ਅਕੀਦਿਆਂ ਵਿਚ ਆ ਚੁੱਕੀ ਗਿਰਾਵਟ, ਆਪਸੀ ਰਿਸ਼ਤਿਆਂ ਵਿਚ ਪੈ ਰਹੀਆਂ ਤਰੇੜਾਂ ਆਦਿ ਅਸੰਗਤੀਆਂ ਜਦ ਇਸ ਸ਼ਾਇਰ ਦੀ ਚਿੰਤਾ ਦਾ ਵਿਸ਼ਾ ਬਣਦੀਆਂ ਹਨ, ਤਾਂ ਇਹ ਸ਼ਾਇਰ ਇਨ੍ਹਾਂ ਸਭ ਅਲਾਮਤਾਂ ਨੂੰ ਸੱਜਰੇ ਸਵੇਰਿਆਂ ਜਿਹੀ ਸਹਿਜ ਸ ਚ ਨਾਲ ਪਰ ਸ਼ਾਇਰੀ ਦੇ ਤਿੱਖੇ ਬਾਣਾਂ ਜ਼ਰੀਏ ਤਹਿਸ-ਨਹਿਸ ਕਰਨ ਲਈ ਤਤਪਰ ਹ ਉੱਠਦਾ ਹੈ। ਰੁੱਖ, ਕੁੱਖ, ਪੰਛੀ, ਫੁਲ-ਬੂਟੇ, ਬਾਲ-ਬੁੱਢੜੇ ਆਦਿ ਸਭ ਨੂੰ ਇਹ ਕਵੀ ਖੁਸ਼ਹਾਲੀ ’ਚ ਜਿਊਂਦੇ ਜਾਗਦੇ ਵੇਖਣਾ ਲੋਚਦਾ ਹੈ। ਰੱਤ ਚੂਸਣ ਵਾਲੇ ਨੇਤਾ, ਮਿਲਾਵਟਾਂ ਕਰਨ ਵਾਲੇ ਵੱਡੇ ਵਪਾਰੀ, ਦੇਸ਼ ਦੀ ਅਸਲ ਪੂੰਜੀ ਨੂੰ ਵਿਦੇਸ਼ਾਂ ’ਚ ਰੋਲ ਦੇਣ ਵਾਲੇ ਵਣਜਾਰੇ, ਅਡੰਬਰੀ ਆਗੂ ਆਦਿ ਸਭ ਨੂੰ

ਵਿਅੰਗ ਦੇ ਤੀਰਾਂ ਨਾਲ ਇਹ ਸ਼ਾਇਰੀ ਵਿੰਨ੍ਹ ਕੇ ਰੱਖ ਦਿੰਦੀ ਹੈ ਅਤੇ ਇਹ ਪੈਗ਼ਾਮ ਉਭਾਰਦੀ ਹੈ ਕਿ -

**ਕਿਸੇ ਨੂੰ ਦਿਲਬਰੀ ਬਖਸ਼ੀ, ਕਿਸੇ ਨੂੰ ਬੇ-ਖ਼ੁਦੀ ਬਖਸ਼ੀ ।**
**ਕਿਸੇ ਨੂੰ ਮਨਚਲੇ ਦੇ ਰੂਪ ਵਿਚ ਆਵਾਰਗੀ ਬਖਸ਼ੀ।**

**ਭਲੇ ਮੀਆਂ ਭਲੀ ਸੁਹਬਤ 'ਚ ਹੀ ਬਣਦੀ ਭਲੀ ਸੀਰਤ,**
**ਅਸਾਂ ਨੂੰ ਐਕੜਾਂ ਵਿਚ ਵੀ ਅਸੂਲੀ ਜ਼ਿੰਦਗੀ ਬਖਸ਼ੀ।**

ਗ਼ਜ਼ਲ ਦੇ ਸ਼ਿਅਰ ਵਿਚ ਜਾਨ ਭਰਨ ਲਈ ਕਾਲੜਾ ਤਿੱਖੇ ਵਿਅੰਗ ਸਿਰਜਣ ਦੀ ਖ਼ੂਬ ਪ੍ਰਬੀਨਤਾ ਰੱਖਦਾ ਹੈ-

**ਨਾ ਮੈ ਸਾਧ-ਸਮਗਲਰ, ਨਾ ਹੀ ਨੇਤਾ ਤੇ ਧਨਵਾਨ ।**
**ਸ਼ੁੱਧ ਪੰਜਾਬੀ ਕਿੰਞ ਹੋ ਸਕਦੈ, ਝੂਠਾ ਤੇ ਬੇਈਮਾਨ ?**

ਭੇਖ ਜਾਂ ਦੰਭ ਭਾਵੇ ਕਿਸੇ ਪ੍ਰਕਾਰ ਦਾ ਵੀ ਹੈ, ਉਸਨੂੰ ਇਹ ਸ਼ਾਇਰੀ ਵੰਗਾਰ ਕੇ ਕੋਸਦੀ ਹੈ, ਨੰਗਿਆਂ ਵੀ ਕਰਦੀ ਹੈ ਅਤੇ ਨਿਰਣੇ ਦੇ ਰੂਪ ਵਿਚ ਨਸੀਹਤ ਵੀ ਬਣਦੀ ਹੈ, ਜ਼ਰਾ ਇਹ ਬੋਲ ਸੁਣੋ ਕਿ--

**ਜਦੋਂ ਵੀ ਸੂਰਜ ਨੇ ਝਾਤ ਪਾਈ, ਹੈ ਨੂਰ ਉਗਿਆ ਜ਼ਮੀਨ ਉੱਤੇ।**
**ਜਦੋਂ ਵੀ ਮਾਨਵ ਨੇ ਅਕਲ ਵਰਤੀ, ਸਵਾਰ ਹ ਇਆ ਮਸ਼ੀਨ ਉੱਤੇ।**

ਪ੍ਰਿੰ. ਕਾਲੜਾ ਦੀ ਗ਼ਜ਼ਲ ਵਿਚਾਰਧਾਰਕ ਪੱਖੋਂ ਅਤੇ ਰੂਪ-ਰਚਨਾ ਦੇ ਸਿਧਾਂਤਿਕ ਪਹਿਲੂਆਂ ਪੱਖੋਂ ਵੀ ਤਰਕ ਸੰਗਤ ਸਿੱਟਿਆਂ ਦਾ ਨਿਰੂਪਣ ਹੈ। ਛੋਟੀ ਬਹਿਰ ਤੋਂ ਲੈ ਕੇ ਵੱਡੀ ਬਹਿਰ ਅਤੇ ਖ਼ਾਸ ਕਰ ਔਖੀ ਤੋਂ ਔਖੀ ਬਹਿਰ ਨੂੰ ਬਾ-ਖ਼ੂਬੀ ਨਿਭਾਇਆ ਹੈ। ਬਹਿਰ ਰਮਲ ਅਤੇ ਬਹਿਰ ਹਜ਼ਜ ਵਿਚ ਤਾਂ ਕਮਾਲ ਦੇ ਸ਼ਿਅਰ ਕਹੇ ਗਏ ਹਨ। ' ਫ਼ੇਲੁਨ ' ਦੇ ਵਜ਼ਨ 'ਚ ਕਹੇ ਗਏ ਸ਼ਿਅਰ ਝੱਟ ਪਾਠਕਾਂ ਦੇ ਚੇਤਿਆਂ ਵਿਚ ਵਸ ਜਾਂਦੇ ਹਨ। ਸਰਲ, ਸਪੱਸ਼ਟ ਅਤੇ ਠੁੱਕਦਾਰ ਮੁਹਾਵਰੇ 'ਚ ਨਿਭਾਏ ਗਏ ਸ਼ਿਅਰ ਇਸ ਗ਼ਜ਼ਲ-ਸੰਗ੍ਰਹਿ ਦੀ ਵੱਖਰੀ ਪਛਾਣ ਬਣਦੇ ਹਨ। ਸਮੁੱਚੀ ਸ਼ਾਇਰੀ ਜ਼ਿੰਦਾਦਿਲੀ, ਚੜ੍ਹਦੀ ਕਲਾ ਅਤੇ ਮਾਨਵੀ ਕਲਿਆਣ ਜਿਹੇ ਸ਼ਿਰ ਮਣੀ ਜਜ਼ਬਿਆਂ ਅਤੇ ਸਰ ਕਾਰਾਂ ਦਾ ਸੁਨੇਹਾ ਦੇ ਕੇ ਪਾਠਕਾਂ ਨੂੰ ਖ਼ਾਕ 'ਚ ਨੂਰ ਲੱਭ ਕੇ ਪ੍ਰਦਾਨ ਕਰਦੀ ਹੈ ਅਤੇ ਚਾਨਣ ਚਾਨਣ ਵੰਡਦੀ ਹੋਈ, ਦਿਲ-ਦਿਮਾਗ ਅਤੇ ਸਮਾਜ ਨੂੰ ਰੋਸ਼ਨ ਕਰ ਜਾਂਦੀ ਹੈ।

ਨਿਰਸੰਦੇਹ, ' ਜਗਦੀਆਂ ਪੈੜਾਂ ' ਗ਼ਜ਼ਲ-ਸੰਗ੍ਰਹਿ ਕਾਲੜਾ ਦੁਆਰਾ ਸਥਾਪਿਤ ਕੀਤੀ ਪੰਜਾਬੀ ਗ਼ਜ਼ਲ ਸਿਨਫ਼- ਕਾਰੀ ਦਾ ਉੱਤਮ ਨਮੂਨਾ ਹੈ। ਗ਼ਜ਼ਲਗੋਈ ਦੇ ਸਿਖਾਂਦਰੂ ਸ਼ਾਇਰਾਂ ਅਤੇ ਵੱਟਿਆਂ ਵਰਗੇ ਸ਼ਿਅਰ ਰਚਨਹਾਰਿਆਂ ਵਾਸਤੇ ਇਹ ਸੰਗ੍ਰਹਿ ਪ੍ਰੇਰਨਾ ਸਰੋਤ ਅਤੇ ਇਕ ਮਾਡਲ ਵਜੋਂ ਜਾਣਿਆਂ ਜਾਣ ਦੇ ਸਮਰੱਥ ਹੈ।



## ਕਹਾਣੀ - ਸਫੈਦ ਫੁੱਲਾਂ ਦੀ ਵੇਲ

ਰਾਜੇਸ਼ ਗੁਪਤਾ
+91 98150 35214

ਉਹ ਅੱਲਾਂ ਦੀ ਵੇਲ ਨੂੰ ਠੇਲਦੀ-ਠੇਲਦੀ ਅਗ੍ਹਾਂ ਤੁਰੀ ਜਾ ਰਹੀ ਸੀ।ਵੇਲ ਨਾਲ ਅੱਲਾਂ ਘੱਟ ਤੇ ਪੱਤਰ ਜ਼ਿਆਦਾ ਸਨ।ਕਈ-ਕਈ ਥਾਂਵੇ ਚਿੱਟੇ ਫੁੱਲਾਂ ਨੇ ਵੀ ਆਪਣਾ ਸੰਬੰਧ ਵੇਲ ਨਾਲ ਜੋੜਿਆ ਹੋਇਆ ਸੀ।ਵੇਲ ਦੇ ਪੱਤਰਾਂ ਤੇ ਉਕੱਰੀਆਂ ਧਾਰੀਆਂ ਉਸਨੂੰ ਕਦੇ-ਕਦੇ ਆਪਣੇ ਹੱਥ ਉੱਪਰ ਉਕੱਰੀਆਂ ਰੇਖਾਵਾਂ ਵਾਂਗ ਜਾਪਦੀਆਂ ਤੇ ਕਦੇ ਆਪਣੇ ਮੱਥੇ ਉੱਪਰ ਉਕੱਰਦੀਆਂ ਮਸਤਕ ਰੇਖਾਵਾਂ ਵਾਂਗ।ਕਦੇ-ਕਦੇ ਉਹ ਆਪਣੇ ਹੱਥਾਂ ਵਿੱਚ ਗੁਆਚ ਜਾਂਦੀ ,ਉਹ ਆਪਣੇ ਹੱਥਾਂ ਵਿੱਚ ਕਈ ਵਾਰ ਵੇਲ ਦੇ ਪੱਤਰਾਂ ਦੀਆਂ ਰੇਖਾਵਾਂ ਲੱਭਦੀ ਰਹਿੰਦੀ ਤੇ ਕਦੇ-ਕਦੇ ਉਹ ਵੇਲ ਦੇ ਪੱਤਰਾਂ ਵਿੱਚ ਆਪਣੇ ਹੱਥ ਦੀਆਂ ਲਕੀਰਾਂ ਲੱਭਣ ਵਿੱਚ ਸਾਰਾ-ਸਾਰਾ ਦਿਨ ਹੀ ਗਰਕ ਕਰ ਦਿੰਦੀ।ਵੇਲ ਤੇ ਲੱਗੇ ਸੁੱਕੇ ਪੱਤਰਾਂ ਨੂੰ ਝਾੜਦੀ-ਝਾੜਦੀ ਉਹ ਬੇਵਸਾਹੇ ਹੀ ਅਗਾਂਹ ਤੁਰੀ ਜਾ ਰਹੀ ਸੀ ਕਿ ਇਕਦਮ ਉਸ ਦਾ ਤਰਾਹ ਜਿਹਾ ਨਿਕਲ ਗਿਆ,ਤਰਾਹ ਵੀ ਇੰਞ ਜਿਵੇਂ ਕਿਸੇ ਫਨਿਅਰ ਨੇ ਅੱਗੋ ਉਸਨੂੰ ਡੰਗ ਮਾਰਨ ਲਈ ਮੂੰਹ ਅੱਡਿਆਂ ਹੋਵੇ।ਉਹ ਤਰਪੱਕ ਕੇ ਪਿਛਾਂਹ ਨੂੰ ਆ ਗਈ। ਸ਼ਰੀਰ ਇੱਕ ਵਾਰ ਕੰਬ ਉਠਿਆਂ । ਅਗਾਂਹ ਇੱਕ ਲੋਹੇ ਦੀ ਤਾਰ ਸੀ ਜਿਸ ਨਾਲ ਵੇਲ ਨੂੰ ਕੰਧ ਉੱਤੇ ਬੱਧਾ ਹੋਇਆ ਸੀ।ਦਿਲ ਕਬਿਆ ਤੇ ਕਾਲਜੇ ਵਿੱਚ ਧੂ ਜਿਹੀ ਪਈ,ਦਿਲ ਹਿੱਕ ਅੰਦਰ ਤੇਜ਼ੀ ਨਾਲ ਧੱਕ-ਧੱਕ ਕਰਨ ਲੱਗਾ।ਉਸ ਮਲਕੜੇ ਜਿਹੇ ਦੱਬੀ ਅਵਾਜ਼ ਨਾਲ ਆਪਣੀ ਦੋਹਤੀ ਨੂੰ ਕਿਹਾ "ਨੀ ਬੁੱਲਾਂ ਜਰਾ ਪਾਣੀ ਤਾਂ ਦੇਵੀਂ ਇੱਕ ਗਿਲਾਸ"ਉਸ ਨੂੰ ਇਉਂ ਲੱਗਾ ਜਿਵੇਂ ਉਸਦੇ ਸੰਘ ਵਿੱਚੋਂ ਅਵਾਜ਼ ਹੀ ਬਾਹਰ ਨਹੀਂ ਸੀ ਆ ਰਹੀ। ਉਸ ਦੇ ਅੰਦਰ ਇਹ ਕਿਵੇਂ ਦਾ ਡਰ ਬੈਠ ਗਿਆ ਸੀ, ਉਸਨੂੰ ਕਈ ਵਾਰ ਬੜਾ ਅਜੀਬ ਜਿਹਾ ਲੱਗਦਾ।ਪਰ ਡਰ ਸੱਚਾ ਵੀ ਸੀ ਕਿਉਂਕਿ ਜਦ ਦਾ ਉਸ ਗੁਆਂਢੀਆਂ ਦੇ ਮੁੰਡੇ ਦੀ ਸ਼ੂਗਰ ਨਾਲ ਹੋਈ ਮੌਤ ਬਾਰੇ ਸੁਣਿਆ ਸੀ ਉਹ ਬੜਾ ਡਰ ਗਈ ਸੀ।ਉਹ ਵੀ ਤਾਂ ਸ਼ੂਗਰ ਨਾਲ ਹੀ ਮਰਿਆ ਸੀ,ਬਸ ਸਕੂਟਰ ਦੀ ਕਿੱਕ ਹੀ ਤਾਂ ਲੱਗੀ ਸੀ ਉਸਦੇ ਪੈਰ ਵਿੱਚ। ਐਡਾ ਜ਼ਖਮ ਹੋਇਆ ਕਿ ਹਰਦੁਆਰ ਹੱਡੀਆਂ ਪਹੁੰਚਾ ਕੇ ਹੀ ਗਲੋਂ ਲੱਥਾ। ਗੁਆਂਡੀਆਂ ਦੇ ਘਰ ਦੀ ਮੌਤ ਨੇ ਉਸਨੂੰ ਆਪਣੀ ਫਿਕਰ ਪਾ ਦਿੱਤੀ। ਉਸਨੂੰ ਆਪਣੀ ਸ਼ੂਗਰ ਦਾ ਵੀ ਕੋਈ ਭਰੋਸਾ ਨਹੀਂ ਸੀ ਕਦੋਂ ਵੱਧ ਜਾਂਦੀ ਤੇ ਕਦੋਂ ਘੱਟ ਜਾਂਦੀ ਉਸਨੂੰ ਕੁੱਝ ਪਤਾ ਨਾ ਲੱਗਦਾ।

ਬੰਦਾ ਬੀਮਾਰੀ ਨਾਲ ਘੱਟ ਤੇ ਉਸਦੇ ਡਰ ਨਾਲ ਜ਼ਿਆਦਾ ਮਰਦਾ ਹੈ।ਜੱਦ ਦੀ ਉਸਦੇ ਨਾਲ ਦੇ ਮੁੰਡੇ ਦੀ ਮੌਤ ਹੋਈ ਸੀ ਉਸ ਦਿਨ ਤੋਂ ਉਸ ਆਪਣੇ ਪ੍ਰਤਿ ਬੜੀ ਹੀ ਇਹਤਿਆਤ ਵਰਤਨੀ ਸ਼ੁਰੂ ਕਰ ਦਿੱਤੀ ਸੀ ,ਕਿਉਂਕਿ ਉਸ ਸੁਣਿਆ ਸੀ ਕਿ ਉਹ ਵੀ ਬੜਾ ਲਾ- ਪਰਵਾਹ ਸੀ।ਵਰਨਾ ਅਜੇ ਕੋਈ ਉਸਦੇ ਮਰਨ ਦੀ ਉਮਰ ਥੋੜੀ ਸੀ ਅਜੇ ਤਾਂ ਉਸਦੇ ਮੁੰਡੇ ਨੇ ਦੱਸਵੀਂ ਕਲਾਸ ਵੀ ਪਾਸ ਨਹੀਂ ਸੀ ਕੀਤੀ।ਉਸਦੇ ਮਨ ਵਿੱਚ ਜੇ ਐਨਾ ਡਰ ਨਾ ਹੁੰਦਾ ਤਾਂ ਭਲਾ ਉਹ ਤਰਪੱਕਦੀ ਐਨਾ ਇੱਕ ਨਿੱਮੀ ਜਿਹੀ ਤਾਰ ਤੋਂ ਜੋ ਉਸ ਦੋ ਸਾਲ ਪਹਿਲਾਂ ਆਪ ਹੀ ਬੰਨ੍ਹੀਂ ਸੀ,ਜਦੋਂ ਉਸਦਾ ਆਪਣਾ ਹੱਥ ਲਹੁਲੁਹਾਨ ਹੋ ਗਿਆ ਸੀ ਤਾਰ ਬੰਨ੍ਹਦੇ-ਬੰਨ੍ਹਦੇ ਤੇ ਕਿੱਲ ਠੋਕਦੇ- ਠੋਕਦੇ,ਉਸ ਵੇਲੇ ਉਸਨੂੰ ਮਾੜਾ ਜਿਹਾ ਵੀ ਡਰ ਨਹੀਂ ਸੀ ਲੱਗਾ।ਸਾਰੀ ਦੀ ਸਾਰੀ ਵੇਲ ਉਸਨੇ ਆਪਣੇ ਹੱਥਾਂ ਨਾਲ ਕੰਧ ਨੂੰ ਪੋੜੀ ਲਾ ਕੇ ਬੰਨ੍ਹੀ ਸੀ।

"ਲੈ ਮੰਮਾਂ" ਐਨੀ ਦੇਰ ਨੂੰ ਬੁੱਲਾਂ ਪਾਣੀ ਦਾ ਗਿਲਾਸ ਲੈਕੇ ਉਸਦੇ ਕੋਲ ਖੜੀ ਸੀ।

"ਲਿਆ ਕੁੜੇ, ਕਿੱਥੇ ਮਰ ਗਈ ਸੈਂ,ਮੈਂ ਤਾਂ ਤੈਥੋਂ ਕਿੰਨੀ ਦੇਰ ਦਾ ਪਾਣੀ ਮਗਿਆ ਸੀ"ਉਸ ਨੇ ਥੋੜਾ ਗੁੱਸਾ ਬੁੱਲਾਂ ਉੱਪਰ ਕੱਢਣ ਦੀ ਕੋਸ਼ਿਸ਼ ਕੀਤੀ।

"ਮੰਮਾਂ ਗਾਂ ਦਾ ਐਸੇ ਯਾਦ ਕਰ ਰਹੀਂ ਸਾਂ"

"ਅੱਛਾ ਚਲ ਜਾਹ ਫਿਰ" ਬੁੱਲਾਂ ਉਸਦੀ ਦੋਤਰੀ ਸੀ ਉਸਨੂੰ ਜਦੋ ਯਾਦ ਆਇਆ ਕਿ ਇਹ ਤਾਂ ਉਸਦੀ ਦੋਤਰੀ ਹੈ ਤੇ ਉਹ ਉਸ ਉੱਪਰ ਰੋਬ ਝਾੜਦੀ ਪਈ ਹੈ ਉਸਨੂੰ ਆਪਣੇ ਉੱਪਰ ਬੜਾ ਗੁੱਸਾ ਆਇਆ।ਇਸ ਵੇਲੇ ਉਹ ਆਪਣੇ ਘਰਵਾਲੇ ਨਾਲ ਆਪਣੇ ਖਰੀਦੇ ਹੋਏ ਮਕਾਨ ਵਿੱਚ ਆਪਣੇ ਦੋਹਤੇ ਜਿਸਨੂੰ ਉਹ ਪਿਆਰ ਨਾਲ ਮੱਖੂ ਆਖਦੀ ਤੇ ਦੋਹਤੀ ਬੁੱਲਾਂ ਨਾਲ ਰਹਿ ਰਹੀ ਸੀ।ਉਸਦੀ ਧੀ ਦਾ ਸੌਹਰੇ ਘਰੋਂ ਛੱਡ-ਛੱਡਾ ਹੋ ਗਿਆ ਸੀ ਤੇ ਉਸਨੂੰ ਇਨ੍ਹਾਂ ਨੇ ਬੀ.ਏ ਕਰਵਾ ਦਿੱਤੀ ਸੀ ਤੇ ਹੁਣ ਉਹ ਘਰੋਂ ਬਾਹਰ ਹੀ ਸੀ।ਪਹਿਲਾਂ ਉਹ ਨੌਕਰੀ ਕਰਦੀ ਸੀ ਪਰ ਹੁਣ ਅੱਜਕਲ ਉਹ ਲੁਧਿਆਣੇ ਵਿੱਚ ਆਪਣਾ ਕਾਰੋਬਾਰ ਕਰ ਰਹੀ ਸੀ।

ਉਸਨੇ ਹੋਲੀ-ਹੋਲੀ ਚੁੰਨੀ ਨਾਲ ਆਪਣੀਆਂ ਬਾਂਵਾਂ ਸਾਫ ਕੀਤੀਆਂ।ਉਹਨਾਂ ਉੱਪਰ ਸੁੱਕੀਆਂ ਕਿੰਦਰੀਆਂ ਜਿਹੀਆਂ ਪਈਆਂ ਹੋਈਆਂ ਸਨ ਜੋ ਕਿ ਸੁੱਕੇ ਪੱਤਿਆ ਨਾਲੋਂ ਝੱੜ ਕੇ ਉਸਦੀ ਬਾਂਹ ਨਾਲ ਚਿੰਬੜ ਗਈਆਂ ਸਨ। ਚੁੰਨੀ ਨੂੰ ਸੱਜੇ ਹੱਥ ਨਾਲ ਝਾੜ ਕੇ ਉਸਨੇ ਫਿਰ ਤੋਂ ਆਪਣੇ ਸਿਰ ਉੱਪਰ ਰੱਖ ਲਈ।ਹੁਣ ਤੱਕ ਉਸਦੇ ਮਨ ਅੰਦਰੋਂ ਫਨਿਅਰ ਸੱਪ ਦਾ ਭੜਾਂਬਾ ਨਿਕਲ ਚੁੱਕਿਆ ਸੀ।

ਉਹ ਫਿਰ ਮਲਕੜੇ ਜਿਹੀ ਅੱਗੇ ਵੱਧੀ ਤੇ ਵੇਲ ਨੂੰ ਜਰਾ ਸੰਭਲ ਸੋਚ ਕੇ ਸੰਵਾਰਨ-ਪਲੋਸਨ ਲੱਗੀ ਤੇ ਸੁੱਕੇ ਪੱਤੇ ਝਾੜਦੀ ਗਈ।ਉਸਨੂੰ ਪੁੰਜੇ ਵੇਖਕੇ ਯਕੀਨ ਨਹੀਂ ਸੀ ਆ ਰਿਹਾ ਕਿ ਥੱਲੇ ਤਾਂ ਸੁੱਕੇ ਪੱਤਿਆਂ ਦਾ ਢੇਰ ਲੱਗ ਚੁੱਕਾ ਸੀ।ਢੇਰ ਵੱਲ ਵੇਖਕੇ ਤਾਂ ਇਓਂ ਲੱਗ ਰਿਹਾ ਸੀ ਜਿਵੇਂ ਸਾਰੀ ਦੀ ਸਾਰੀ ਵੇਲ ਹੀ ਰੁੰਡ-ਮਰੁੰਡ ਹੋ ਗਈ ਹੋਵੇ ਪਰ ਇਵੇਂ ਦੀ ਗੱਲ ਨਹੀਂ ਸੀ ਜਿੱਥੋਂ ਸੁੱਕੇ ਪੱਤੇ ਝੜਦੇ ਗਏ ਉੱਥੇ ਨਵੇਂ ਪੱਤਿਆਂ ਨੇ ਆਪਣੀ-ਆਪਣੀ ਥਾਂ ਮਲ ਲਈ ਸੀ।ਕੁਦਰਤ ਬੜੀ ਬੇ-ਅੰਤ ਹੈ ਹਰ ਚੀਜ਼ ਦੇ ਸੰਤੁਲਨ ਨੂੰ ਆਪਣੇ ਹਿਸਾਬ ਨਾਲ ਬਣਾ ਲੈਂਦੀ ਹੈ।

ਉਹ ਫਿਰ ਵੇਲ ਦੇ ਨਾਲ ਉਲਝ ਗਈ।ਪਤਾ ਨਹੀਂ ਕਿਓਂ ਅੱਜ ਉਸਦਾ ਜੀਅ ਇਸ ਵੇਲ ਨਾਲ ਚਿੰਬੜੇ ਰਹਿਣ ਨੂੰ ਹੀ ਕਰ ਰਿਹਾ ਸੀ।ਕਈ ਵਾਰ ਘਰ ਵਿੱਚ ਇਸ ਵੇਲ ਨੂੰ ਵੱਡਕੇ ਬਾਹਰ ਸੁੱਟਣ ਦੀ ਗੱਲ ਚਲੀ ਪਰ ਉਸ ਇਸ ਵੇਲ ਨੂੰ ਨਹੀਂ ਸੀ ਕੱਟਣ ਦਿੱਤਾ।ਕਈ ਵਾਰ ਉਸਦੀ ਆਪਣੇ ਘਰ ਵਿੱਚ ਇਸ ਗੱਲ ਤੋਂ ਲੜਾਈ ਵੀ ਹੋ ਜਾਂਦੀ।ਪਤਾ ਨਹੀਂ ਕਿਓਂ ਉਸਨੂੰ ਇਹ ਵੇਲ ਆਪਣੀ ਜਿਹੀ ਲੱਗਦੀ।

"ਵਿਹੜੇ ਵਿੱਚ ਕਿੰਨਾ ਗੰਦ ਪੈਂਦਾ ਹੈ" ਉਸਦਾ ਘਰਵਾਲਾ ਹਮੇਸ਼ਾ ਇਹੋ ਗੱਲ ਆਖਦਾ।

"ਸਫਾਈ ਤੁਸੀਂ ਨਾ ਕਰਿਆ ਕਰੋ ਮੈਂ ਆਪ ਹੀ ਕਰ ਲਵਾਂਗੀ"ਕਹਿ ਉਹ ਆਪਣੀ ਗੱਲ ਤੇ ਅੜੀ ਰਹਿੰਦੀ ਤੇ ਕਦੇ ਵਿਹੜੇ ਦੀ ਸਫਾਈ ਵੀ ਨਾ ਕਰਦੀ।ਹਮੇਸ਼ਾ ਹੀ ਇਹ ਕੰਮ ਉਸਦਾ ਘਰਵਾਲਾ ਹੀ ਕਰਦਾ ਨਾਲ ਸਫਾਈ ਕਰਦਾ ਤੇ ਨਾਲੇ ਉਸਨੂੰ ਕੁੱੜ-ਕੇ ਹੋਲੀਆਂ-ਭਾਰੀਆਂ ਗਾਲ੍ਹਾਂ ਕੱਢਦਾ ਰਹਿੰਦਾ 'ਐਵੇ ਨਾ ਕਰਿਆ ਕਰੋ ਨਾਲੇ ਸਫਾਈ ਵੀ ਕਰੀ ਜਾਂਦੇ ਓ ਤੇ ਨਾਲੇ ਗੁੱਸੇ ਵੀ ਹੋਈ ਜਾਂਦੇ ਓ'ਐਨੀ ਗੱਲ ਨਾਲ ਉਹ ਉਸਨੂੰ ਠੰਡਾ ਕਰ ਲੈਂਦੀ।ਹੁਣ ਜੱਦ ਦਾ ਉਸਨੂੰ ਉਸਦੀ ਸ਼ੂਗਰ ਦੀ ਬੀਮਾਰੀ ਦਾ ਪਤਾ ਲੱਗਾ ਸੀ ਤਾਂ ਉਹ ਉਸ ਨਾਲ ਨਹੀਂ ਸੀ ਲੜਦਾ, ਸ਼ਾਇਦ ਹੁਣ ਉਸਨੂੰ ਉਸ ਉੱਪਰ ਤਰਸ ਆ ਜਾਂਦਾ ਸੀ।ਪਹਿਲਾਂ ਤਾਂ ਜਦੋ ਲੜਦਾ ਸਾਰਾ ਘਰ ਸਿਰ ਤੇ ਚੁੱਕ ਲੈਂਦਾ ਉਸਦੇ ਸਾਰੇ ਪੇਕਿਆਂ ਨੂੰ ਗਿਣ ਦਿੰਦਾ।ਪਰ ਹੁਣ ਤਾਂ ਮੋਮ ਦਾ ਪੁਤਲਾ ਬਣ ਗਿਆ ਸੀ। ਜੇਕਰ ਕਦੇ ਕੁੱਝ ਆਖ ਵੀ ਦਿੰਦਾ ਤਾਂ ਦੂਜੇ ਹੀ ਪਲ ਉਸਦੇ ਅੱਗੇ-ਪਿੱਛੇ ਫਿਰਨ ਲੱਗ ਜਾਂਦਾ ਤੇ ਕਦੇ ਚਾਹ ਬਣਾ ਕੇ ਲੈ ਆਉਂਦਾ ਤੇ ਕਦੇ ਐਵੇ ਹੀ ਉਸਦੇ ਮਰੇ ਹੋਏ ਭਰਾ ਦੀਆਂ ਤਰੀਫਾਂ ਕਰੀ ਜਾਂਦਾ ਤੇ ਇੱਕ ਉਸਦਾ ਭਰਾ ਜੋ ਉਸਦੇ ਘਰਵਾਲੇ ਨਾਲ ਹੀ ਪੜਦਾ ਸੀ ਜੋ ਚਾਰ ਸਾਲ ਪਹਿਲਾਂ ਮਰ ਗਿਆ ਸੀ ਨੂੰ ਯਾਦ ਕਰਕੇ ਰੋਣ ਲੱਗ ਜਾਂਦਾ।ਮੂੰਹ ਦਾ ਬੜਾ ਮੂੰਹ ਫੱਟ ਪਰ ਦਿਲ ਬੜਾ ਸਾਫ ਸੀ,ਗੁੱਸਾ ਆਉਂਦਾ ਤਾਂ ਬਰੂਦ ਵਾਂਗ ਫਟ ਜਾਂਦਾ ਤੇ ਪਿਆਰ ਆਉਂਦਾ ਤਾਂ ਸਾਰਾ ਦਾ ਸਾਰਾ ਭੁਰ ਜਾਂਦਾ।ਆਦਮੀ ਵੀ ਬੜਾ ਅਜੀਬ ਹੁੰਦਾ ਹੈ ਕਿੰਨੇ ਹੀ ਰੰਗ ਹੁੰਦੇ ਹਨ ਇਨਸਾਨ ਦੇ ਤੇ ਕਿੰਨੇ ਹੀ ਇਨਸਾਨ ਹੁੰਦੇ ਨੇ ਕਿਸੇ ਇੱਕ ਆਦਮੀ ਅੰਦਰ, ਹਰ ਥਾਂ ਤੇ ਉਹ ਅਲਗ-ਅਲਗ ਢੰਗ ਨਾਲ ਜੀਵਨ ਜਿਉਂਦਾ ਹੈ।

ਅੱਲਾਂ ਦੀ ਵੇਲ ਦੇ ਅੱਧੇ ਤੋਂ ਵੱਧ ਪੱਤੇ ਉਹ ਉਖਾੜ ਚੁੱਕੀ ਸੀ।ਦਿਨ ਦੁਪਹਿਰ ਦੇ ਟੇਸ਼ਨ ਨੂੰ ਟੱਪ ਚੁੱਕਾ ਸੀ।ਮੌਸਮ ਹੁਣ ਥੋੜਾ-ਥੋੜਾ ਮਿੱਠਾ ਹੋਣ ਲੱਗ ਪਿਆ ਸੀ।

ਸੁੱਕੇ ਪੱਤਰਾਂ ਨੂੰ ਵੇਖ ਹੁਣ ਉਸਦੇ ਮਨ ਅੰਦਰ ਡਰ ਜਿਹਾ ਲੱਗਣ ਲੱਗਾ ਤੇ ਫਿਰ ਉਸਨੂੰ ਅਚਾਨਕ ਹਾਸਾ ਵੀ ਆ ਗਿਆ,ਇਹ ਸੋਚ ਕਿ ਹੁਣ ਉਸਦਾ ਘਰਵਾਲਾ ਪੈਂਸ਼ਨ ਲੈਕੇ ਘਰ ਆਉਂਦਾ ਹੀ ਹੋਵੇਗਾ ਤੇ ਘਰ ਆਉਂਦਿਆਂ ਹੀ ਉਸ ਨਾਲ ਲੜਣ ਲੱਗ ਜਾਵੇਗਾ,ਨਾਲੇ ਸੁੱਕੇ ਪੱਤਰ ਚੁੱਕੀ ਜਾਵੇਗਾ ਸਫਾਈ ਕਰੀ ਜਾਵੇਗਾ ਤੇ ਨਾਲੇ ਲੜੀ ਜਾਵੇਗਾ।ਵੇਲ ਵੀ ਬੜੀ ਅਜੀਬ ਸੀ ,ਐਨੀ ਲੰਮੀ ਐਨੀ ਲੰਮੀ ਕਿ ਮੁੱਕਣ ਤੇ ਹੀ ਨਹੀਂ ਸੀ ਆ ਰਹੀ।ਉਹ ਹੁਣ ਆਪਣੇ ਆਪਨੂੰ ਥੱਕਿਆ-ਥੱਕਿਆ ਜਿਹਾ ਮਹਿਸੂਸ ਕਰਨ ਲੱਗੀ ਪਰ ਅੱਜ ਪਤਾ ਨਹੀਂ ਕਿਉਂ ਉਸਨੂੰ ਵੇਲ ਨੂੰ ਵੇਖਕੇ ਬੜਾ ਮਜ਼ਾ ਆ ਰਿਹਾ ਸੀ।ਉਹ ਥੋੜਾ ਜਿਹਾ ਹੋਰ ਅੱਗੇ ਵੱਧੀ ਅੱਗੇ ਇੱਕ ਸਫੇਦ ਰੰਗ ਦਾ ਬੜਾ ਹੀ ਖ਼ੂਬਸੂਰਤ ਫੁੱਲ ਵੇਲ ਤੇ ਲੱਗਾ ਹੋਇਆ ਸੀ। ਉਸਨੂੰ ਉਹ ਫੁੱਲ ਬੜਾ ਹੀ ਚੰਗਾ ਲੱਗਾ।ਉਸਨੂੰ ਉਹ ਫੁੱਲ ਆਪਣੇ ਪੁੱਤ ਜਿਹਾ ਲੱਗਾ ਜੋ ਦੂਰ ਕਿੱਤੇ ਆਪਣੀ ਅਲਗ ਦੁਨੀਆ ਵਿੱਚ ਜੀਅ ਰਿਹਾ ਸੀ ਆਪਣਾ ਵਖਰਾ ਅ੍ਹਾਲਣਾ ਬਣਾ ਕੇ।ਉਸਨੇ ਉਸ ਫੁੱਲ ਨੂੰ ਆਪਣੀ ਹਿੱਕ ਨਾਲ ਲਗਾਉਣ ਦਾ ਯੱਤਣ ਕੀਤਾ ਪਰ ਇਹ ਕਰਨ ਵਿੱਚ ਉਹ ਨਾਕਾਮਯਾਬ ਰਹੀ ਕਿਉਂਕਿ ਉਹ ਕਿਸੇ ਹੋਰ ਡਾਲੀ ਤੇ ਲੱਗਾ ਸੀ।ਉਹ ਇਹ ਕਰਨ ਵਿਚ ਨਾਕਾਮ ਸੀ ਕਿਉਂਕਿ ਜੇਕਰ ਉਹ ਇਵੇਂ ਕਰਦੀ ਤਾਂ ਉਹ ਉੱਥੋਂ ਟੁੱਟ ਸਕਦਾ ਸੀ ਪਰ ਇਹ ਉਹ ਨਹੀਂ ਸੀ ਚਾਹੁੰਦੀ ਕਿਉਂਕਿ ਉਹ ਉਸਦੇ ਟੁੱਟਣ ਤੇ ਐਨੀ ਸਮਰਥ ਨਹੀਂ ਸੀ ਕਿ ਉਸਨੂੰ ਉਹ ਫਿਰ ਤੋਂ ਖਿੜਾ ਸਕਦੀ।ਆਖਰ ਠਠੰਬਰ ਕੇ ਉਹ ਉੱਥੇ ਹੀ ਰੁੱਕ ਗਈ।ਫੁੱਲ ਦੀ ਖ਼ੂਬਸੂਰਤੀ ਨੇ ਉਸ ਦੇ ਅੰਦਰ ਇੱਕ ਨਵਕਿਰਣ ਦਾ ਸੰਚਾਰ ਕੀਤਾ।ਆਖਰ ਜਦ ਉਸ ਤੋਂ ਨਹੀ ਰਿਹਾ ਗਿਆ ਤਾਂ ਉਸਨੇ ਨੀਵੇਂ ਹੋਕੇ ਫੁੱਲ ਨੂੰ ਪੋਲੇ ਜਿਹੇ ਆਪਣੀ ਹਿੱਕ ਦੇ ਨਾਲ ਲਗਾ ਹੀ ਲਿਆ।ਉਸ ਵੇਲੇ ਪੁੱਤਰ ਮੋਹ ਦੀ ਭਾਵੁਕਤਾ ਨੇ ਉਸਨੂੰ ਪੂਰੀ ਤਰ੍ਹਾਂ ਆਪਣੀ ਜਕੜ ਵਿੱਚ ਲਿਆ ਹੋਇਆ ਸੀ,ਇਸ ਵੇਲੇ ਉਸਦੇ ਸ਼ਰੀਰ ਦਾ ਇੱਕ-ਇੱਕ ਅੰਗ ਕੰਬ ਰਿਹਾ ਸੀ,ਇਸ ਵੇਲੇ ਉਸਦੇ ਬਦਨ ਦੀਆਂ ਨਾਜ਼ੁਕ ਰਗਾਂ ਕੰਪਨ ਕਰ ਰਹੀਆਂ ਸਨ।ਫਿਰ ਇਕਦਮ ਉਸਨੇ ਆਪਣੇ ਆਪਨੂੰ ਉਸ ਫੁੱਲ ਤੋਂ ਅਲਗ ਕਰ ਲਿਆ ਉਸਦੇ ਮਨ ਵਿੱਚ ਅਚਾਨਕ ਫੁੱਲ ਦੇ ਟੁੱਟ ਜਾਣ ਦਾ ਡਰ ਪਨਪ ਪਿਆ ਸੀ।

ਉਸ ਨੂੰ ਅਚਾਨਕ ਆਪਣੇ ਬਚਪਨ ਦੇ ਦਿਨ ਯਾਦ ਆ ਗਏ ਜਦੋਂ ਉਹ ਆਪਣੀ ਭੈਣ ਤੇ ਜੀਜੇ ਨਾਲ ਦਿਹਰਾਦੂਣ ਰਿਹਾ ਕਰਦੀ ਸੀ।ਸਾਰਾ ਦਿਨ ਉਹ ਉੱਥੇ ਪੀਂਗ ਚੂਟਦੀ ਰਹਿੰਦੀ ਸੀ ਜੋ ਉਸਦੇ ਜੀਜੇ ਨੇ ਆਪਣੇ ਨੌਕਰ ਨੂੰ ਕਹਿ ਕੇ ਘਰ ਦੇ ਸਾਹਮਣੇ ਵਾਲੇ ਦਰਖਤ ਤੇ ਲਗਵਾ ਦਿੱਤੀ ਸੀ। ਬੜੇ ਮਜੇ ਦੇ ਦਿਨ ਸਨ ਉਹ, ਨਾ ਕੋਈ ਰੋਕ ਤੇ ਨਾ ਕੋਈ ਟੋਕ ਤੇ ਨਾ ਭਰਾਵਾਂ ਦੀ ਕੋਈ ਰੋਕ ਟੋਕ। ਜੀਜਾ ਤਾਂ ਉਸਨੂੰ ਬੱਚਿਆਂ ਵਾਂਗ ਪਿਆਰ ਕਰਦਾ।ਕਈ ਵਾਰ ਤਾਂ ਉਸਨੂੰ ਜਾਪਦਾ ਜਿਉਂ ਜੀਜਾ ਹੀ ਉਸਦਾ ਪਿਉ ਹੈ। ਜੀਜੇ ਦੀ ਦੁਕਾਨ ਦਾ ਉੱਥੇ ਬੜਾ ਕੰਮ ਸੀ।ਇਸ ਲਈ ਲੋਕ ਉਸ ਦਾ ਬੜਾ ਆਦਰ-ਸਤਿਕਾਰ ਕਰਦੇ ਸਨ,ਉਹ ਬੰਦਾ ਵੀ ਬੜਾ ਸਊ ਸੀ।ਇਸ ਕਰਕੇ ਉਹ ਵੀ ਲਾਗਲੀ ਕਲੋਨੀ ਵਿੱਚ ਰਾਜਕੁਮਾਰੀਆਂ ਵਾਂਗ ਫਿਰਦੀ।ਜਦੋਂ ਆਪਣੇ ਘਰ ਆਉਣ ਦਾ ਸਮਾਂ ਆਉਂਦਾ ਤਾਂ ਉਹ ਬੜੀ ਉਦਾਸ ਹੋ ਜਾਂਦੀ।ਆਖਰ ਉਸ ਇੱਕ ਦਿਨ ਆਪਣੀ ਭੈਣ ਤੇ ਜੀਜੇ ਨੂੰ ਉੱਥੇ ਹੀ ਰਹਿਕੇ ਪੜਣ ਲਈ ਮਨਾ ਲਿਆ।ਵਿਆਹ ਤੋਂ ਕਈ ਸਾਲ ਬਾਅਦ ਵੀ ਉਸਦੀ ਭੈਣ ਤੇ ਜੀਜੇ ਘਰ ਕੋਈ ਔਲਾਦ ਨਹੀਂ ਸੀ ਹੋਈ।ਜੀਜੇ ਦੇ ਧੀਆਂ ਵਰਗੇ ਪਿਆਰ ਨੇ ਉਸਨੂੰ ਬੜਾ ਪ੍ਰਭਾਵਿਤ ਕੀਤਾ।ਉਹ ਉਸ ਨੂੰ ਇਸ ਦੁਨੀਆ ਵਿੱਚ ਦੇਵਤੇ ਦਾ ਸਰੂੂਪ ਮੰਨਦੀ ਸੀ।ਉਸੇ ਨੇ ਇੱਕ ਦਿਨ ਉਸਨੂੰ ਧੀ ਵਾਂਗ ਵਿਆਹ ਕੇ ਡੋਲੀ ਵਿੱਚ ਬੈਠਾਇਆ ਸੀ।

ਆਖਰ ਇੱਕ ਦਿਨ ਉਸ ਦਾ ਕਰਜ਼ ਚੁਕਾਉਣ ਦਾ ਸਮਾਂ ਆ ਗਿਆ।ਜਦ ਉਸ ਆਪਣੀ ਪਹਿਲੀ ਸੰਤਾਨ ਯਾਨੀ ਆਪਣਾ ਪਹਿਲਾ ਬੱਚਾ ਆਪਣਾ ਪਹਿਲਾ ਪੁੱਤਰ ਜੀਜੇ ਦੀ ਝੋਲੀ ਵਿੱਚ ਪਾ ਦਿੱਤਾ ਸੀ। ਜਿੱਥੇ ਉਸ ਇੱਕ ਕਰਜ਼ ਉਤਾਰ ਦਿੱਤਾ ਸੀ ਉੱਥੇ ਉਸ ਤੇ ਇੱਕ ਹੋਰ ਕਰਜ਼ਾ ਚੜ ਗਿਆ ਸੀ ਉੱਹ ਸੀ ਉਸਦੇ ਘਰਵਾਲੇ ਦਾ ਜਿਸ ਇੱਕ ਵਾਰ ਵੀ ਉਸਦੀ ਗੱਲ ਨੂੰ ਨਹੀਂ ਸੀ ਮੋੜਿਆ ਤੇ ਬਿਨਾਂ ਸੋਚੇ ਸਮਝੇ ਆਪਣੇ ਪਹਿਲੇ ਪੁੱਤ ਨੂੰ ਜੀਜੇ ਦੀ ਝੋਲੀ ਵਿੱਚ ਪਾ ਦਿੱਤਾ ਸੀ,ਉਸ ਪਤਾ ਸੀ ਕਿ ਇਹ ਕਰਜ਼ਾ ਉਹ ਕਦੇ ਵੀ ਆਪਣੀ ਜਿੰਦਗੀ ਵਿੱਚ ਨਹੀਂ ਸੀ ਉਤਾਰ ਸਕਦੀ।ਵੇਲ ਅਜੇ ਵੀ ਉਸਦੇ ਹੱਥ ਵਿੱਚ ਹੀ ਸੀ,ਹੋਲੀ-ਹੋਲੀ ਉਹ ਵੇਲ ਨੂੰ ਸਿੱਧਾ ਵੀ ਕਰੀ ਜਾ ਰਹੀ ਸੀ।ਕਿਤੋਂ-ਕਿਤੋਂ ਵੇਲ ਉਸ ਤਾਰ ਨਾਲੋਂ ਅੱਡ ਹੋ ਚੁੱਕੀ ਸੀ ਜਿਸ ਦੇ ਨਾਲ ਉਹ ਬੱਝੀ ਹੋਈ ਸੀ।ਆਪਣੇ ਪੁੱਤ ਜਿਹੇ ਜਾਪ ਰਹੇ ਉਸ ਸਫੇਦ ਫੁੱਲ ਨੂੰ ਉਸ ਬੜੇ ਹੀ ਪਿਆਰ ਤੇ ਵਧੀਆ ਢੰਗ ਨਾਲ ਸਵਾਰਿਆ ਤਾਕਿ ਉਹ ਉਸ ਵੇਲ ਨਾਲੋਂ ਅੱਡ ਨਾ ਹੋ ਜਾਵੇ, ਉਸ ਵੇਲੇ ਉਸਨੂੰ ਉਹ ਵੇਲ ਆਪਣੀ ਭੈਣ ਜਿਹੀ ਜਾਪ ਰਹੀ ਸੀ। ਜੀਜਾ ਤਾਂ ਉਸਦਾ ਕਈ ਸਾਲ ਪਹਿਲਾਂ ਹੀ ਇਸ ਦੁਨੀਆਂ ਤੋਂ ਜਾ ਚੁੱਕਾ ਸੀ ਪਰ ਉਸਦੀ ਭੈਣ ਦਾ ਹੁਣ ਸਿਰਫ ਉਹ ਮੁੰਡਾ ਹੀ ਆਸਰਾ ਸੀ।ਹੁਣ ਉਸਦੀ ਭੈਣ ਦੋ ਪੋਤਿਆਂ ਦੀ ਦਾਦੀ ਵੀ ਬਣ ਚੁੱਕੀ ਸੀ, ਸੋਹਣੀ-ਸਨੱਖੀ ਨੂੰਹ-ਪੁੱਤ ਨਾਲ ਆਪਣੇ ਘਰ ਵਿੱਚ ਮੌਜਾਂ ਮਾਨ ਰਹੀ ਸੀ। ਕਦੇ-ਕਦੇ ਉਸਨੂੰ ਆਪਣੀ ਭੈਣ ਦੀ ਸੁੱਖ-ਸਾਂਭ ਵੇਖ ਈ੍ਖਾ ਆਉਂਦੀ ਪਰ ਦੂਜੇ ਹੀ ਪਲ ਉਹ ਆਪਣੇ ਆਪ ਤੇ ਥੁੱਕ ਲੈਂਦੀ ਆਪਣੀ ਗੱਲ ਤੇ ਪਛਤਾਉਂਦੀਂ ਆਪਣੇ ਆਪ ਨੂੰ ਸੋ ਗ੍ਰਾਲ ਕੱਢਦੀ ਤੇ ਫਿਰ ਦੂਜੇ ਹੀ ਪਲ ਉਹ ਸਿਦਕ ਵੀ ਕਰਦੀ ਤੇ ਖੁਸ਼ ਵੀ

ਹੁੰਦੀ ਕਿ ਉਸਦੀ ਕੁੱਖ ਦਾ ਫੁੱਲ ਕਿਸੇ ਦੂਜੇ ਵਿਹੜੇ ਵਿੱਚ ਖੁਸ਼ਬੂ ਫੈਲਾ ਰਿਹਾ ਹੈ ਬਦਬੂ ਨਹੀਂ।ਉਹ ਆਪਣੇ ਪੁੱਤ ਨੂੰ ਹਜ਼ਾਰਾਂ ਦੁਆਵਾਂ ਦਿੰਦੀ।

ਉਸ ਮੁੰਡੇ ਦਾ ਉਸ ਨਾਲ ਕੋਈ ਮੋਹ ਨਹੀਂ ਸੀ ਇਹ ਗੱਲ ਉਸਨੂੰ ਚੰਗੀ ਵੀ ਲੱਗਦੀ ਪਰ ਕਦੇ-ਕਦੇ ਮਾੜੀ ਵੀ ਲੱਗਦੀ,ਜਦ ਉਹ ਉਸ ਦੇ ਘਰ ਆਉਂਦਾ ਪਰ ਥੋੜੀ ਦੇਰ ਬੈਠ ਵਾਪਿਸ ਚਲਾ ਜਾਂਦਾ ਤੇ ਜਿੰਨੀ ਦੇਰ ਵੀ ਬੈਠਦਾ ਆਪਣੀ ਮਾਂ ਦੇ ਗੁਣ ਹੀ ਗਾਉਂਦਾ ਰਹਿੰਦਾ।ਉਹ ਉਸ ਦੀਆਂ ਗੱਲਾਂ ਵੱਲ ਘੱਟ ਧਿਆਨ ਦਿੰਦੀ ਪਰ ਉਸਨੂੰ ਜੀਅ ਭਰ ਕੇ ਤਕਦੀ ਰਹਿੰਦੀ।ਵੇਲ ਨੂੰ ਹਿਲਾਉਦੀਂ-ਹਿਲਾਉਦੀਂ ਉਹ ਅਗਾਂਹ ਵੱਧਦੀ ਜਾ ਰਹੀ ਸੀ।ਵੇਲ ਨੂੰ ਕਈ ਥਾਂ ਤੋਂ ਕਾਢੇ ਚਿਪਕੇ ਹੋਏ ਸਨ ਕਾਲੇ ਰੰਗ ਦੇ ਵੱਡੇ-ਵੱਡੇ।ਉਹ ਉਹਨਾਂ ਨੂੰ ਬੜੇ ਧਿਆਨ ਨਾਲ ਉਤਾਰਣ ਲੱਗੀ ਡਰਦੇ-ਡਰਦੇ ਤਾਂ ਜੋ ਉਹ ਉਸਨੂੰ ਹੀ ਨਾ ਚਿਪਕ ਕੇ ਦੰਦੀ ਵੱਢ ਦੇਣ।ਇੱਕ ਵਾਰ ਜੇ ਜ਼ਖਮ ਹੋ ਗਿਆ ਤਾਂ ਬੜੀ ਮੁਸ਼ਕਿਲ ਹੋ ਜਾਉ,ਸੋਚਦੀ-ਸੋਚਦੀ ਉਹ ਅਗ੍ਹਾਂ ਵੱਧਦੀ ਗਈ।

ਅੱਗੇ ਸੁੱਕੇ ਪੱਤਰ ਘੱਟ ਤੇ ਨਵੇਂ ਤੇ ਹਰੇ-ਹਰੇ ਪੱਤਰ ਕਾਫੀ ਜ਼ਿਆਦਾ ਆ ਚੁੱਕੇ ਸਨ ਤੇ ਕਈ ਹੋਰ ਫੁੱਲ ਖਿੜਣ ਵਾਸਤੇ ਕਿੰਨੀਆਂ ਹੀ ਡੋਡੀਆਂ ਵੀ ਪੁੰਗਰ ਆਈਆਂ ਸਨ।ਉਸਦਾ ਮਨ ਉਹਨਾਂ ਨੂੰ ਵੇਖ ਕੇ ਬੜਾ ਖੁਸ਼ ਹੋ ਰਿਹਾ ਸੀ।ਉਸਦੇ ਮਨ ਵਿੱਚ ਕਈ ਵਧੀਆ-ਵਧੀਆ ਖਿਆਲ ਆ ਰਹੇ ਸਨ।ਉਸਨੂੰ ਉਹਨਾਂ ਹਰੇ ਤੇ ਨਵੇਂ ਪੱਤਰਾਂ ਵਿੱਚ ਆਪਣਾ ਤੇ ਆਪਣੇ ਪੁੱਤ ਦਾ ਭਵਿੱਖ ਨਜ਼ਰ ਆ ਰਿਹਾ ਸੀ।ਵੇਲ ਠੀਕ ਕਰਦੇ-ਕਰਦੇ ਸ਼ਾਮ ਢੱਲ ਚੁੱਕੀ ਸੀ। ਸੂਰਜ ਆਪਣੀ ਲਾਲੀਮਾ ਨੂੰ ਸਮੇਟੇ ਵਾਪਸੀ ਦੀ ਤਿਆਰੀ ਕਰ ਰਿਹਾ ਸੀ।ਉਹ ਵੀ ਆਪਣੇ ਆਪਨੂੰ ਤਰੋ-ਤਾਜ਼ਾ ਜਿਹਾ ਮਹਿਸੂਸ ਕਰ ਰਹੀ ਸੀ।ਉਸ ਮੁੜ ਕੇ ਫਿਰ ਇੱਕ ਵਾਰ ਆਪਣੇ ਪੁੱਤ ਜਿਹੇ ਲੱਗ ਰਹੇ ਫੁੱਲ ਵੱਲ ਤੱਕਿਆ ਉਹ ਹੋਲੀ-ਹੋਲੀ ਮਿੱਠੇ-ਮਿੱਠੇ ਝੌਂਕਿਆ ਨਾਲ ਹਿਲ-ਡੁਲ ਕੇ ਸ਼ਾਮ ਦੀ ਨਵੇਕਲੀ ਰੁੱਤ ਦਾ ਨਜ਼ਾਰਾ ਲੈ ਰਿਹਾ ਸੀ।

## ਧਿਆਨ ਦਵੋ

ਭਾਰਤ ਤੋਂ ਬਾਹਰ ਰਹਿੰਦੇ ਪਰਵਾਸੀ ਪੰਜਾਬੀ "ਪ੍ਰਤਿਬਿੰਬ" ਸਬੰਧਤ ਕੋਈ ਵੀ ਜਾਣਕਾਰੀ, ਇਸ਼ਤਿਹਾਰ ਜਾਂ ਆਪਣੀ ਰਚਨਾਵਾਂ ਭੇਜਣ ਲਈ ਹੇਠ ਲਿਖੇ ਪਤੇ ਤੇ ਐੱਸ. ਬਲਵੰਤ ਨੂੰ ਸੰਪਰਕ ਕਰ ਸਕਦੇ ਹਨ।

sbalwant1946@gmail.com

ਫੋਨ : +44 7450 211 512



## ਕਹਾਣੀ - ਬਿਰਦ ਮਾਂ

ਨਿਸ਼ਾਨ ਸਿੰਘ ਮੂਸੈ

+91 98764 81143

ਐਤਕੀ ਸੁੱਚਾ ਸਿੰਘ ਅਤੇ ਉਸ ਦੀ ਘਰਵਾਲੀ ਕਰਮ ਕੌਰ ਨੇ ਪਿੰਡ ਵਿੱਚ ਰਹਿੰਦੇ ਕਿਸੇ ਵੱਡੇ ਜਿੰਮੀਦਾਰ ਦੀ ਤੂੜੀ ਵੱਟੇ ਚਾਰ ਕਿਲੇ ਕਣਕ ਹੱਥੀ ਵੱਡੀ ਇੱਸ ਕਰਕੇ ਕਿ ਤੂੜੀ ਵੇਚ ਕੇ ਆਪਣੇ ਪੁਤਰ ਸੁਰਜੀਤ ਸਿੰਘ ਚੰਡੀਗੜ ਦੇ ਕਾਲਜ ਵਿੱਚ ਡਿਗਰੀ ਪੂਰੀ ਕਰ ਸਕੇ । ਸੁੱਚਾ ਸਿਉ ਨੇ ਤੜਕੇ ਗੁਰਦਵਾਰੇ ਵਾਲੇ ਬਾਬੇ ਦੇ ਸਪੀਕਰ ਵਿੱਚ ਵਾਕ ਲੈਦਿਆ ਸਾਰ ਖੇਤੀ ਕਣਕ ਵੱਡਣ ਚੱਲੇ ਜਾਣਾ ਅਤੇ ਮੰਗਰੋ ਕਰਮੋ ਪੱਸ਼ੂਆ ਨੂੰ ਕੱਖ ਪੱਠਾ ਪਾ ਕੇ ਧਾਰਾ ਚੋ ਕੇ ਗੋਹਾ ਕੂੜਾ ਕਰ ਕੇ ਪੱਸ਼ੂਆ ਨੂੰ ਛਾਵੇ ਬੰਨ ਕੇ ਕਰਮੋ ਨੇ ਸੁੱਚਾ ਸਿਉ ਦੀ ਰੋਟੀ ਲੈ ਕੇ ਫਿਰ ਧੁੱਪ ਚੜ੍ਹਨ ਤੋ ਪਹਿਲਾ ਖੇਤੀ ਜਾ ਵੱੜਨਾ ਦੋਹਾ ਨੇ ਕਣਕ ਵੱਡਣੀ ਅਤੇ ਸੁਰਜੀਤ ਦੀਆ ਗੱਲਾ ਕੱਰਣੀਆ ਕਰਮੋ ਕਹਿਣਾ ਸਰਦਾਰ ਜੀ ਕੋਈ ਨੀ ਕਰਲੋ ਕੰਮ ਜਿੰਨਾ ਹੁੰਦਾਂ ਵਾ ਸੁਰਜੀਤ ਦੀ ਡਿਗਰੀ ਪੂਰੀ ਹੁਦਿਆਂ ਹੀ ਨੌਕਰੀ ਲੱਗ ਜਾਣਾ ਮੇਰੇ ਪੁੱਤ ਨੇ ਆਪਣੀ ਵੀ ਦਾਤਰੀ ਛੁੱਟ ਜਾਉ ? ਅਤੇ ਕਈ ਵਾਰ ਸੁੱਚਾ ਸਿਉ ਨੇ ਕਹਿਣਾ ਜੇ ਪੁੱਤ ਨਿਕੰਮਾ ਨਿਕਲ ਆਇਆ ਫੇਰ, ਤਾਂ ਝੱਟ ਕਰਮੋ ਨੇ ਜਵਾਬ ਦੇਣਾ ਨਹੀ ਮੇਰਾ ਪੁੱਤ ਹੀਰਾ ਹੈ ਹੀਰਾ । ਸੁੱਚਾ ਸਿਉ ਦੇ ਘਰ ਭਾਵੇ ਲੋੜਿਆ ਦੀ ਗਰੀਬੀ ਸੀ ਪਰ ਫਿਰ ਵੀ ਪੁੱਤ ਨੂੰ ਪਹਿਲਾ ਬਾਰਾਂ ਜਮਾਤਾ ਚੰਗੇ ਸਕੂਲ ਵਿੱਚ ਕਰਾਈਆ ਤੇ ਡਿਗਰੀ ਲਈ ਵੀ ਚੰਡੀਗੜ ਦੇ ਨਾਮਵਰ ਕਾਲਜ ਵਿੱਚ ਭੇਜਿਆ ਸੀ । ਕਰਮੋ ਨੇ ਸਾਰੀ ਦਿਹਾੜੀ ਡੰਗਰਾ ਨਾਲ ਡੰਗਰ ਹੋਈ ਰਹਿਣਾ ਪੰਦਰਾ ਪੱਸ਼ੂਆ ਦਾ ਗੋਹਾ ਕਰਮੋ ਦੇ ਸਿਰ ਉਤੇ ਰੂੜੀਆ ਤੇ ਜਾਂਦਾ ਸੀ ਰਤਾ ਪਰਵਾਹ ਨਹੀ ਸੀ ਕਰਦੀ ਜੇ ਲੋਕਾਂ ਕਹਿਣਾ ਕਰਮੋ ਕਿਓ ਖੱਪਦੀ ਹੈ ਤਾ ਕਰਮੋ ਨੇ ਚਾਰੇ ਪੱਥਰ ਚੁੱਕ ਕੇ ਪੈ ਜਾਣਾ ਜਦੋ ਮੇਰਾ ਮੁੰਡਾ ਲਾਲ ਬੱਤੀ ਵਾਲੀ ਗੱਡੀ ਤੇ ਆਇਆ ਫਿਰ ਤੁਹਾਡੀਆ ਅੱਖਾ ਖੁਲਣਗੀਆ । ਜਦੋ ਕਿਤੇ ਸੁਰਜੀਤ ਨੇ ਛੁਟੀਆ ਵਿੱਚ ਪਿੰਡ ਆਉਣਾ ਤਾਂ ਬਾਪੂ ਨਾਲ ਕੰਮ ਵਿੱਚ ਹੱਥ ਵਟਾਉਣ ਦੀ ਥਾ ਸਵੇਰੇ ਹੀ ਨਾਹ ਧੋ ਕਿ ਨਿਕਲ ਜਾਣਾ ਸੈਰ ਸਪਾਟਿਆ ਨੂੰ ਜਦੋ ਕਿਤੇ ਪਿੰਡ ਦੇ ਸਿਆਣੇ ਬੁਜਰਗ ਨੇ ਕਹਿਣਾ ਪੁਤਰਾ ਤੇਰਾ ਪਿਉ ਬੜਾ ਖੱਪਦਾ ਈ ਖੇਤਾ ਵਿੱਚ ਤੇਰੇ ਮੰਗਰੋ ਤਾ ਸੀਤੇ ਦਾ ਜਵਾਬ ਹੋਣਾ ਜੀਹਦੇ ਕਰਮਾ ਵਿੱਚ ਖੱਪਣਾ ਲਿਖਿਆ ਉਸਨੇ ਤਾਂ ਖੱਪਣਾ ਹੀ ਹੈ । ਜਦੋ ਸੁਰਜੀਤ ਛੁਟੀਆ ਕੱਟ ਕੇ ਕਾਲਜ ਚੱਲਿਆ ਤਾ ਉਸਨੇ ਬਾਪੂ ਤੋ ਜੇਬ

ਖਰਚੇ ਵਾਸਤੇ ਪੇਸੈ ਮੰਗੇ ਤਾ ਬਾਪੂ ਝੱਟ ਸਾਈਕਲ ਤੇ ਚੱੜ ਕੇ ਆੜਤੀਏ ਕੋਲ ਗਿਆ ਸੁੱਚਾ ਸਿੰਘ ਦੇ ਜਿਆਦਾ ਕਰਜਾ ਹੋਣ ਕਰਕੇ ਆੜਤੀਆ ਵੀ ਹੱਥ ਖੱੜੇ ਕਰ ਗਿਆ ਜਦੋ ਕਰਮੋ ਨੂੰ ਪਤਾ ਲੱਗਾ ਤਾ ਕੋਲ ਬੱਚੀਆ ਦੋ ਟੂਮਾਂ ਵੀ ਅੱਜ ਗਹਿਣੇ ਧਰ ਕੇ ਸੁਰਜੀਤ ਦੀ ਤਲੀ ਤੇ ਪੇਸੈ ਟਿਕਾ ਦਿੱਤੇ ਅਤੇ ਪਿੰਡ ਵਾਲੇ ਦੋਦੀ ਤੋ ਅਗਾਂਹੂ ਪੰਦਰੀ ਦੇ ਪੇਸੈ ਲੈ ਕਿ ਸੀਤੇ ਨੂੰ ਦੇਸੀ ਘਿਉ ਦੀਆ ਪਿੰਨੀਆ ਵੀ ਵੱਟ ਦਿੱਤੀਆ ਅਤੇ ਚਾਈ ਚਾਈ ਮੁੰਡੇ ਨੂੰ ਤੋਰਿਆ ਮੁੰਡੇ ਦੇ ਮੰਗਰੋ ਸੁੱਚਾ ਸਿਉ ਫਿਰ ਮਿੱਟੀ ਵਿੱਚ ਮਿੱਟੀ ਹੋਣ ਲੱਗਾ ਅੱਜ ਕਰਮੋ ਦੇ ਨਸੀਬਾ ਨੇ ਕਰਮੋ ਨੂੰ ਹਾਰ ਦੇ ਦਿੱਤੀ ਸੁੱਚਾ ਸਿਉ ਖੇਤਾ ਵਿੱਚ ਕੰਮ ਕਰਦੇ ਨੂੰ ਦਿੱਲ ਦਾ ਦੌਰਾ ਪੈ ਗਿਆ ਅਤੇ ਦਿੱਲ ਦਾ ਦੌਰਾ ਕੀ ਪਿਆ ਮਾਨੋ ਜਿਵੇ ਕਰਮੋ ਨਾਲ ਰੱਬ ਹੀ ਰੁੱਸ ਗਿਆ ਹੋਵੇ ਘਰ ਇੱਕ ਦੱਮ ਮੂਧਾ ਪੈ ਗਿਆ ਜਿਵੇ ਕਰਮੋ ਦੇ ਮੱਥੇ ਤੇ ਲਿਖੇ ਕਰਮ ਮੱਥੇ ਦੇ ਮੁੜਕੇ ਨਾਲ ਹੀ ਪੂੰਜੇ ਗਏ ਹੋਣ ਜਿਵੇ ਰੱਬ ਹੇਠਾ ਉਤਰ ਕੇ ਕਰਮੋ ਨਾਲ ਆਪ ਲੱੜਿਆਂ ਹੋਵੇ ਗਰੀਬੀ ਦਾ ਝਬਿਆ ਸੁੱਚਾ ਅੱਜ ਘੱਰ ਵਿੱਚ ਪਏ ਲਾਣੇ ਮੰਜੇ ਤੇ ਜਿਵੇ ਪੱਥਰ ਦੀ ਸਿਲ ਬੱਣ ਗਿਆ ਹੋਵੇ। ਆਖਰ ਕੁਝ ਦਿਨ ਬੀਤਣ ਮੰਗਰੋ ਸੁੱਚਾ ਸਿਉ ਆਪਣੀ ਜਿੰਦਗੀ ਦੀ ਜੰਗ ਹਾਰ ਗਿਆ ਅਤੇ ਕਰਮੋ ਲਈ ਮੀਲਾ ਵੱਟੀ ਪੈਡਾ ਅੱਦ ਵਾਟੇ ਛੱਡ ਗਿਆ ਪਰ ਕਰਮੋ ਹੱਠ ਵਾਲੀ ਸੀ ਪੁਤਰ ਨੂੰ ਬਿੰਨਾ ਕੁਝ ਦੱਸਿਆ ਸਾਰਾ ਸਿਤਮ ਆਪਣੇ ਉਪਰ ਝੱਲ ਗਈ ਕੇ ਮੁੰਡੇ ਦੀ ਪੜਾਈ ਨਾ ਖਰਾਬ ਹੋਵੇ ਆਖਰ ਕਰਮੋ ਦੀ ਉਮੀਦ ਦੀ ਆਖਰੀ ਕਿਰਨ ਸੀ ਸੁਰਜੀਤ, ਸੁੱਚਾ ਸਿਉ ਦੇ ਦੱਸਵੇ ਤੋ ਬਾਅਦ ਕਰਮੋ ਆਪਣੇ ਕੰਮੇ ਕਾਰੇ ਲੱਗ ਗਈ ਸਵੇਰੇ ਚਾਰ ਵੱਜੇ ਉਠਣਾ ਗੋਹਾ ਕੂੜਾ ਕਰ ਕੇ ਮੱਝਾ ਗਾਵਾਂ ਚੋ ਕੇ ਦੁਧ ਪਾਉਣਾ ਅਤੇ ਖੇਤਾ ਦਾ ਕੰਮਂ ਵੀ ਕਰਮੋ ਨੇ ਸਾਰਾ ਆਪਣੇ ਸਿਰ ਲੈ ਲਿਆ। ਬਸ ਜੇ ਕਰਮੋ ਨੂੰ ਆਸ ਸੀ ਤੇ ਉਹ ਆਪਣੇ ਪੁੱਤ ਤੇ ਕਰਮੋ ਨੇ ਸੁਰਜੀਤ ਦੀ ਪੜਾਈ ਵਿੱਚ ਕੋਈ ਰੁਕਾਵਟ ਨਾ ਪੈਣ ਦਿੱਤੀ ਕਰਮੋ ਦੀ ਮਿਹਨਤ ਰੰਗ ਲਿਆਈ ਸੁਰਜੀਤ ਪਾਸ ਹੋ ਗਿਆ ਅਤੇ ਆਪਣੀ ਮਾਂ ਨੂੰ ਚਿੱਠੀ ਪਾ ਦਿੱਤੀ ਅਤੇ ਨੌਕਰੀ ਤੇ ਲੱਗਣ ਮਗਰੋ ਮੁੜਨ ਦੀ ਗੱਲ ਵੀ ਸੁਰਜੀਤ ਨੇ ਆਪਣੀ ਮਾਂ ਨੂੰ ਚਿੱਠੀ ਰਾਹੀ ਆਖੀ ਜਿਵੇ ਜਿਵੇ ਲੰਬਰਦਾਰਾ ਦਾ ਮੂੰਡਾ ਚਿੱਠੀ ਪੱੜ ਰਿਹਾ ਸੀ ਕਰਮੋ ਦੀ ਖੁੱਸ਼ੀ ਦਾ ਕੋਈ ਟਿਕਾਣਾ ਨਾਂ ਰਿਹਾ ਆਖਰ ਕੁਝ ਚਿੱਠੀ ਦੇ ਅੱਖਰ ਰਹਿੰਦੇ ਸਨ ਤਾਂ ਕਰਮੋ ਝੱਟ ਚਿੱਠੀ ਖੋਹ ਕੇ ਪਿੰਡ ਵਾਲੇ ਗੁਰਦਵਾਰੇ ਪ੍ਰਸ਼ਾਦ ਚੜਾਉਣ ਲਈ ਹਾਜਰ ਹੋਈ ਪੁੱਤ ਦੀ ਲੰਮੀ ਉਮਰ ਦੀਆ ਦੁਆਵਾ ਮੰਗੀਆ ਨਾਲ ਚੰਗੀ ਨੌਕਰੀ ਦੀ ਮੰਗ ਵੀ ਰੱਬ ਕੁਲੋ ਕੀਤੀ ਪੁੱਤ ਦੀ ਚਿੱਠੀ ਕਾਹਦੀ ਆਈ ਸੀ ਕਰਮੋ ਨੂੰ ਜਿਵੇ ਨਵੀ ਜਵਾਨੀ ਚੱੜ ਗਈ ਹੋਵੇ ਪੁੱਤ ਦੀ ਖੁੱਸ਼ੀ ਵਿੱਚ ਕਰਮੋ ਹੋਰ ਦਿਨ ਰਾਤ ਆਪਣੇ ਹੱਡ ਭੰਨਣ ਲੱਗੀ ਫਿਰ ਰੱਬ ਨੇ ਕਰਮੋ ਦੀ ਸੁਣੀ ਹੁਣ ਸੁਰਜੀਤ ਨੂੰ ਚੰਗੀ ਨੌਕਰੀ ਮਿਲ ਗਈ ਸੀ ਚੰਗੀ ਨੌਕਰੀ ਮਿਲਣ ਦੇ ਨਾਲ ਨਾਲ ਸੁਰਜੀਤ ਨੇ ਆਪਣੀ ਹਮਸੱਫਰ ਵੀ ਚੁਣ ਲਈ ਸੀ ਉਹ ਵੀ ਮਾਸਟਰਰਾਣੀ ਲੱਗੀ ਸੀ। ਸੁਰਜੀਤ ਘਰ ਆਇਆ ਉਸਦੇ ਚਿਹਰੇ ਤੇ ਉਹਨਾ ਗਮ ਆਪਣੇ ਪਿਉ ਦੀ ਮੌਤ ਦਾ ਨਹੀ ਸੀ ਜਿਨ੍ਹੀ ਖੁੱਸ਼ੀ ਆਪਣੀ ਨੌਕਰੀ ਅਤੇ ਨੌਕਰੀ ਤੇ ਲੱਗੀ ਘਰਵਾਲੀ ਦੀ ਸੀ ਮਾਂ ਪੁੱਤਾ ਨੇ ਵਿਉਂਤ ਬਣਾਈ ਕੇ ਵਿਆਹ ਰਚਾਅ ਲਿਆ ਜਾਵੇ ਆਖਰ ਬੁੱਡੇ ਹੱਡ ਕੰਮ ਕਰ ਕਰ ਥੱਕ ਵੀ ਚੁੱਕੇ ਸਨ ਕਰਮੋ ਚਾਹੰਦੀ ਸੀ ਕੇ ਬੱਚੀ ਖੁੱਚੀ ਜਿੰਦਗੀ ਨਹੂੰ ਪੁੱਤ ਦੇ ਸਹਾਰੇ ਕੱਟਾ ਵਿਆਹ ਦਾ ਦਿਨ ਨੇੜੇ ਆ ਗਿਆ ਕਰਮੋ ਨੇ ਸਾਰੇ ਪਿੰਡ ਵਿੱਚ ਨਿਉਤੰਰਾ ਘੱਲਿਆ ਅੱਜ ਕਰਮੋ ਦੀ ਖੁੱਸ਼ੀ ਸੰਭਾਲਿਆ ਸੰਭਾਲੀ ਨਹੀ ਸੀ ਜਾ ਰਹੀ ਕਦੀ ਕਦੀ ਅੰਦਰ ਵੱੜ ਕੇ ਕੰਧ ਤੇ ਲੱਗੀ ਸੁੱਚਾ ਸਿਉ ਦੀ ਫੋਟੋ ਨਾਲ ਗੱਲ੍ਹਾ ਕਰ ਆਉਣੀਆ ਤੇ ਝੱਟ ਬਾਹਰ ਆ ਜਾਣਾ ਕੋਈ ਵੇਖ ਨਾ ਲਵੇ ਅੱਜ ਕਰਮੋ ਨੇ ਰੱਜ ਕੇ ਆਪਣੇ ਪੁੱਤ ਦੇ ਵਿਆਹ ਦੇ ਸ਼ਗਨ ਕੀਤੇ ਜਿਵੇ ਮੁਦਤਾ ਬਾਅਦ ਖੁੱਸ਼ੀ ਨੇ ਕਰਮੋ ਦਾ ਬੂਹਾ ਖੱੜਕਾਇਆ ਹੋਵੇ ਅੱਜ ਖੁੱਸ਼ੀ ਵਿੱਚ ਕੋਈ ਕਸਰ ਬਾਕੀ ਨਹੀ ਸੀ ਰਹਿਣ ਦੇਣੀ ਚਾਹੰਦੀ ਕਰਮੋ ਹੁਣ ਕਰਮੋ ਦੀ ਨਹੂੰ ਘਰ ਆਈ ਕਰਮੋ ਖੁੱਸ਼ੀ ਖੁੱਸ਼ੀ ਕੰਮ ਕਰਨ ਲੱਗੀ ਦਿਨ ਬੀਤਣ ਲੱਗੇ ਕੁੱਝ ਦਿਨ ਬੀਤਣ ਮੰਗਰੋ ਸੁਰਜੀਤ ਆਪਣੀ ਨੌਕਰੀ ਤੇ ਚੱਲਾ ਗਿਆ ਤੇ ਸੁਰਜੀਤ ਦੀ ਘਰਵਾਲੀ ਵੀ ਸਕੂਲ ਜਾਣਾ ਸ਼ੁਰੂ ਕਰ ਦਿੱਤਾ। ਆਖਰ ਕਰਮੋ ਨੂੰ ਉਹੀ ਤਵਾ ਤੇ ਉਹੀ ਪਰਾਤ ਫਿਰ ਨਜਰ ਆਉਣ ਲੱਗੀ ਸਗੋ ਅੱਗੇ ਨਾਲੋ ਵੀ ਕਰਮੋ ਦਾ ਕੰਮ ਵੱਧ ਗਿਆ ਹੁਣ ਤਾ ਨਹੂੰ ਦੀ ਰੋਟੀ ਵੀ ਕਰਮੋ ਨੂੰ ਬਣਾ ਕੇ ਟਿਫਨ ਵਿੱਚ ਪਾ ਕੇ ਦੇਣੀ ਪੈਦੀ ਸੀ ਜਿਵੇ ਕਰਮੋ ਦੇ ਨਸੀਬ ਹੀ ਮਾੜੇ ਹੋਣ ਜਿਵੇ ਕਰਮੋ ਦੇ ਹੱਡਾ ਵਿੱਚ ਘੱੜੀ ਪੱਲ ਦਾ ਰਮਾਨ ਰੱਬ ਨੇ ਲਿਖਿਆ ਹੀ ਨਾ ਹੋਵੇ ਸਾਰੀ ਦਿਹਾੜੀ ਮਸ਼ੀਨ ਵਾਂਗਰਾ ਚੱਲਣਾ ਜਦੋ ਸ਼ਾਮ ਹੋਣੀ ਨਹੂੰ ਨੇ ਆਡਰ ਦੇਣੇ ਬੁਰੜੀਏ ਕੀ ਧੱਰਿਆ ਈ, ਸਵੇਰੇ ਦੇ ਪਾਏ ਕਪੜੇ ਲਾਹ ਕੇ ਕਰਮੋ ਅੱਗੇ ਧਰ ਦੇਣੇ ਤੇ ਕਰਮੋ ਵਿਚਾਰੀ, ਜਦੋ ਸੁਰਜੀਤ ਸਮੇਤ ਸਾਰਾ ਪਿੰਡ ਖਰਾੜੇ ਮਾਰ ਰਿਹਾਂ ਹੂੰਦਾ ਸੀ ਤਾਂ ਕਰਮੋ ਨੇ ਨਹੂੰ ਪੁੱਤ ਦੇ ਕੱਪੜੇ ਧੋਣ ਦਹੀ ਹੋਣਾ ਅਤੇ ਪਾਰੈਸ ਕਰ ਕੇ ਰਾਤ ਦੇ ਬਾਰਾਂ ਇੱਕ ਵੱਜੇ ਸੌਣਾ ਤੇ ਸਵੇਰੇ ਚਾਰ ਵੱਜੇ ਉਠਣਾ ਪੱਸ਼ੁਆ ਨੂੰ ਕੱਖ ਪੱਠਾ ਪਾਉਣਾ ਰੋਟੀ ਲਾ ਕੇ ਦੋਹਾ ਜੀਆ ਨੂੰ ਨੌਕਰੀ ਤੋਰਣਾ ਫਿਰ ਖੇਤੋ ਪੱਠੇ ਲਿਆਉਣੇ ਫਿਰ ਸ਼ਾਮ ਏਦਾ ਹੀ ਤੇ ਹਰ ਰੋਜ ਕਰਮੋ ਦੇ ਦਿਨ ਏਦਾਂ

ਹੀ ਬਤੀਤ ਹੋਣ ਲੱਗੇ। ਜਦੋ ਕਿਤੇ ਨਹੂੰ ਨੂੰ ਕਹਿਣਾ ਪੁੱਤ ਕੰਮ ਵਿੱਚ ਹੱਥ ਵੰਡਾਅ ਦੇ ਤਾ ਨਹੂੰ ਤੋ ਪਹਿਲਾ ਹੀ ਸੁਰਜੀਤ ਨੇ ਜਵਾਬ ਦੇਣਾ ਮਾਂ ਤੇਰੇ ਕਹਿੜੇ ਵੇਲੀ ਦੇ ਹੱਡ ਵੱਧਣੇ ਵਾ ਸੁਰਜੀਤ ਦੀ ਗੱਲ ਸੁਣ ਕੇ ਕਰਮੋ ਦੇ ਕਾਲੇਜੇ ਦਾ ਰੁੱਗ ਭਰਿਆ ਜਾਣਾ ਕਰਮੋ ਕੰਮ ਨਾਲ ਘੁੱਲ ਘੁੱਲ ਕੇ ਹੱਡੀਆ ਦੀ ਮੁੱਠ ਬਣ ਚੁੱਕੀ ਸੀ। ਕਰਮੋ ਨੇ ਆਪਣੀ ਰੋਟੀ ਟਾਈਮੋ ਬੇ ਟਾਇਮ ਖਾਣ ਕਰਕੇ ਕਈ ਤਰਾ ਦੀਆ ਅਲਾਮਤਾ ਵੀ ਕਰਮੋ ਨੂੰ ਚੁੰਬੜ ਚੁੱਕੀਆ ਸਨ ਕਈ ਭਿਆਨਿਕ ਬਿਮਾਰੀਆ ਦੀ ਕਰਮੋ ਸ਼ਿਕਾਰ ਹੋ ਚੁੱਕੀ ਸੀ ਜੇ ਕਰਮੋ ਨੇ ਪੁੱਤ ਨੂੰ ਕਹਿਣਾ ਪੁੱਤ ਸ਼ਹਿਰੋ ਮੇਰੀ ਦਵਾਈ ਫੜੀ ਆਈ ਚਾਰ ਸਾਲ ਕੱਢ ਜੂ ਤਾਂ ਨਹੂੰ ਨੇ ਝੱਟ ਕਹਿਣਾ ਬੁਰੜੀਏ ਤੈਨੂੰ ਸੂਲ ਹੋਇਆ ਤਾ ਕਰਮੋ ਨੇ ਚੁੱਪ ਹੋ ਜਾਣਾ ਫਿਰ ਅਗੋ ਕਰਮੋ ਕਹਿਣਾ ਪੁੱਤ ਜਿਉਦੇ ਰਹੋ ਜਵਾਨੀਆ ਮਾਣੋ ਨਹੂੰ ਪੁੱਤ ਭਾਵੇ ਕਿੰਨੇ ਵੀ ਨਲਾਇਕ ਹੋਣ ਮਾਂ ਕਦੇ ਵੀ ਦੁਰਆਸੀਸ ਨਹੀ ਦਿੰਦੀ ? ਇੱਕ ਦਿਨ ਕਰਮੋ ਨੂੰ ਕੰਮ ਕਰਦੀ ਕਰਦੀ ਸਰੀਰ ਨੂੰ ਬੁੱਲਾ ਵੱਜ ਗਿਆ ਕਰਮੋ ਮੰਜੇ ਉਪਰ ਪੈ ਗਈ। ਕਰਮੋ ਮੰਜੇ ਉਪਰ ਕਹਾਦੀ ਪਈ ਸੀ ਘਰ ਦੇ ਕੰਮ ਕਾਜ ਸਾਰੇ ਉਹਥੇ ਹੀ ਠੱਪ ਹੋ ਗਏ ਕਰਮੋ ਨੂੰ ਬੁੱਲਾ ਵੱਜਣ ਕਾਰਨ ਇੱਕ ਪਾਸਾ ਜਮਾ ਹੀ ਖੁਲੋ ਗਿਆ ਪਰ ਸੁਰਜੀਤ ਰਤਾ ਵੀ ਧਿਆਨ ਨਹੀ ਦਿੰਦਾ ਆਪਣੀ ਮਾਂ ਵੱਲ ਤੇ ਘੱਰਵਾਲੀ ਤਾਂ ਹੱਧਾ ਬੰਨੇ ਹੀ ਟੱਪਾ ਦਿੰਦੀ ਸੀ ਕਰਮੋ ਦਾ ਮੰਜਾ ਤੂੜੀ ਵਾਲੇ ਅੰਦਰ ਪੱਕਾ ਹੀ ਡਾਅ ਦਿੱਤਾ ਸੁਰਜੀਤ ਦੀ ਘਰਵਾਲੀ ਨੇ ਲਾਗੇ ਪਾਣੀ ਦੀ ਗੜਵੀ ਤੇ ਦੋ ਫੁਲਕੇ ਰੱਖ ਜਾਣੇ ਕਰਮਾਂ ਦੀ ਮਾਰੀ ਕਰਮੋ ਦੇ ਫੁਲਕੇ ਕਈ ਵਾਰੀ ਬਿੱਲੀ ਨੇ ਲੈ ਕੇ ਭੱਜ ਜਾਣਾ ਤੇ ਪਾਣੀ ਵੀ ਰੋੜ ਜਾਣਾ ਕਈ ਵਾਰ ਕਰਮੋ ਨੇ ਭੁੱਖੀ ਧਿਆਈ ਬੈਠੀ ਪੁੱਤ ਨੂੰ ਉਡੀਕਣਾ ਕਈ ਵਾਰ ਸੁਰਜੀਤ ਨੇ ਆਪਣੇ ਸਹੁਰੇ ਬਿੰਨਾ ਦੱਸਿਆ ਚੱਲੇ ਜਾਣਾ ਤੇ ਕਰਮੋ ਨੇ ਵਾਜਾ ਮਾਰ ਮਾਰ ਕਮਲੀ ਹੋ ਜਾਣਾ ਜਦੋ ਸੁਰਜੀਤ ਨੇ ਆਉਣਾ ਤੇ ਮਾਂ ਨੇ ਕਹਿਣਾ ਹਸਪਤਾਲ ਪੁੱਤ ਲੈ ਜਾ ਮੈਨੂੰ ਤਾ ਸੀਤੇ ਕਹਿਣਾ ਮਾਂ ਤੂ ਕੇਹੜਾ ਹੁਣ ਮੈਚ ਖੇਢਣਾ ਵਾ ਸੁਰਜੀਤ ਕਈ ਵਾਰ ਅੱਠ ਅੱਠ ਦਸ ਦਸ ਦਿਨ ਵੀ ਬਾਹਰ ਲਾਉਣ ਲੱਗ ਪਿਆ ਸੀ ਤੇ ਕਰਮੋ ਨੂੰ ਵੀ ਸੁਕੀਆ ਰੋਟੀਆ ਤੇ ਪਿਆਸੇ ਰਹਿਣ ਦੀ ਆਦਤ ਪੈ ਚੁੱਕੀ ਸੀ। ਇੱਕ ਵਾਰ ਛੁਟੀਆ ਵਿੱਚ ਪੰਦਰਾ ਦਿਨ ਆਪਣੀ ਘਰਵਾਲੀ ਨਾਲ ਬਾਹਰ ਘੁੰਮ ਕੇ ਆਇਆ ਘਰ ਡਿਉੜੀ ਵੱੜ ਦਿੰਆ ਹੀ ਕਰਮੋ ਅਵਾਜ ਮਾਰੀ ਆ ਗਿਆ ਪੁੱਤ ਹਾ ਮਾਂ ਆ ਗਿਆ ਵਾ ਸੁਣਾ ਕਿਦਾ ਰਹੀ ਤੇਰੀ ਬਾਹਰ ਦੀ ਸੈਰ ਠੀਕ ਮਾਂ ਬੜੇ ਨਜਾਰੇ ਲਏ ਸੁਰਜੀਤ ਨੇ ਜਵਾਬ ਦਿੱਤਾ ਅਤੇ ਆਪ ਭੁੱਲ ਹੀ ਗਿਆ ਕੇ ਮਾਂ ਤੂੜੀ ਵਾਲੇ ਕੋਠੇ ਅੰਦਰ ਗਰਮੀ ਵਿੱਚ ਕਿਦਾ ਦਿਨ ਕੱਟੇ ਹੋਣਗੇ। ਪੁੱਤ ਇੱਕ ਗੱਲ ਆਖਾ ਕਹਿ ਮਾਂ ਅੱਜ ਕਰਮੋ ਆਪਣੇ ਪੁੱਤ ਨੂੰ ਗੱਲ ਆਖਣ ਲੱਗਿਆ ਗੱਲ੍ਹਾ ਭੱਰ ਗਿਆ ਤੇ ਜਬਾਨ ਵੱਲ ਖਾ ਗਈ ਲੱੜਖੜਾਉਦੀ ਅਵਾਜ ਵਿੱਚ ਕਰਮੋ ਕਿਹਾ ਪੁੱਤ ਤੂੰ ਮੇਰਾ ਆਗਿਆਕਾਰ ਪੁਤਰ ਹੈ ਮੇਰੀਆ ਅੱਖੀਆ ਦਾ ਤਾਰਾ ਹੈ ਵੇਖ ਮੇਰੀ ਨਹੂੰ ਕਿੰਡੀ ਕਰਮਾ ਵਾਲੀ ਹੈ ਪਰ ਮਿਨੂੰ ਅਫਸੋਸ ਹੈ ਮੇਰਾ ਕਰਕੇ ਤੇਰੇ ਨਾਲ ਡ਼ੱਗੜਦੀ ਹੈ ਕੇ ਤੇਰੀ ਮਾਂ ਰਾਤ ਨੂੰ ਖੰਗ ਦੀ ਰਹਿੰਦੀ ਹੈ ਮਿਨੂੰ ਸੌਣ ਨਹੀ ਦਿੰਦੀ ਵੇਖ ਪੁਤਰਾ ਮਿਨੂੰ ਕੋਈ ਗਿਲਾ ਨਹੀ ਤੂੰ ਮਿਨੂੰ ਬਿਰਦ ਆਸ਼ਰਮ ਛੱਡ ਆ ਨਾਲੇ ਕਿਨੇ ਜਾਣੇ ਆਪਣੇ ਪਿੰਡ ਦੇ ਆਸ਼ਰਮ ਵਿੱਚ ਹਨ ਜਾਗਰ ਸਿਓ ਉਸਦੀ ਘਰਵਾਲੀ, ਸੰਗਾਰਾ ਵੱਡਿਆ ਦੀ ਪ੍ਰੀਤੋ, ਆਧੀਆ ਦਾ ਬੁੱਢਾ ਇੱਕ ਦਮ ਕਰਮੋ ਨੇ ਆਪਣੀ ਅਵਾਜ ਬਦਲ ਦਿੰਆ ਸੁਰਜੀਤ ਕੋਲ ਏਨੈ ਪਿੰਡ ਵਾਲਿਆ ਦੇ ਨਾਂਮ ਗਿਣ ਦਿੱਤੇ ਸੀਤਾ ਬਿਣਾ ਜਵਾਬ ਦਿੱਤਿਆ ਕਲੋ ਉਠ ਗਿਆ। ਸ਼ਾਈਦ ਕਰਮੋ ਨੂੰ ਸੁਰਜੀਤ ਦੇ ਜਵਾਬ ਨਾਂ ਮਿਲਣ ਕਰਕੇ ਕੋਈ ਚੰਗੇ ਰੋਟੀ ਪਾਣੀ ਦੀ ਆਸ ਜਾਗੀ ਸੀ ਪਰ ਕਿਥੇ ਕਰਮੋ ਦੇ ਕਰਮ, ਅੱਜ ਸਵੇਰੇ ਉਠਦਿੰਆ ਹੀ ਬੂਹੈ ਤੇ ਸੁਮੋ ਗੱਡੀ ਦਾ ਹਾਰਨ ਵੱਜਾ ਸੀਤਾ ਡ਼ੱਟ ਬੂਹੇ ਤੇ ਗਿਆ ਸ਼ਹਿਰ ਦਾ ਕਰਾਇਆ ਤੇ ਬਿਰਦ ਆਸਰਮ ਦਾ ਪਤਾ ਡਰਾਈਵਰ ਦੇ ਹੱਥ ਫੜਾਇਆ ਕਰਮੋ ਨੂੰ ਬਿੰਨਾ ਦੱਸਿਆ ਗੱਡੀ ਵਿੱਚ ਲੱਦ ਦਿੱਤਾ ਅਤੇ ਸ਼ਰਮ ਦਾ ਮਾਅਰਿਆ ਆਪ ਨਾਲ ਨਾ ਗਿਆ ਅੱਜ ਕਰਮੋ ਸੁੱਚਾ ਸਿਉ ਨੂੰ ਜਾਦ ਕਰਕੇ ਹੁਬੀ ਹੁਬੀ ਰੋਈ ਏਦਰ ਸੀਤਾ ਤੇ ਉਸਦੀ ਘਰਵਾਲੀ ਅੰਦਰੋ ਅੰਦਰੀ ਖੁੱਸ਼ ਸਨ। ਡਰਾਈਵਰ ਨੇ ਕਰਮੋ ਨੂੰ ਬਿਰਦ ਆਸ਼ਰਮ ਛੱਡਿਆ ਸੁਰਜੀਤ ਦਾ ਪੱਤਾ ਆਸਰਮ ਵਾਲਿਆ ਨੂੰ ਮੋਬਾਇਲ ਨੰਬਰ ਸਮੇਤ ਲਿਖਾ ਕੇ ਵਾਪਸ ਆ ਗਿਆ ਆਸ਼ਰਮ ਵਾਲਿਆ ਨੇ ਕਰਮੋ ਨੂੰ ਨੁਹਾਆਇਆ ਨਵੇ ਕੱਪੜੇ ਪੁਆਏ ਕਰਮੋ ਜਿਵੇ ਅੱਜ ਕਈ ਵੱਰਿਆ ਬਾਅਦ ਇੰਨਸਾਨਾ ਦੀ ਜੂਨ ਵਿੱਚ ਵਾਪਸ ਆਈ ਹੋਵੇ। ਕਰਮੋ ਦੀ ਦਵਾਈ ਬੂਟੀ ਵੀ ਚੱਲਣ ਲੱਗ ਗਈ ਵੇਖ ਦਿੰਆ ਵੇਖ ਦਿੰਆ ਕਰਮੋ ਦੇ ਕਈ ਸਾਲ ਆਸਰਮ ਵਿੱਚ ਬਤੀਤ ਹੋ ਗਏ ਸੁਰਜੀਤ ਨੇ ਕਦੇ ਵੀ ਆਪਣੀ ਮਾਂ ਦਾ ਹਾਲ ਚਾਲ ਪੁਛੱਣ ਲਈ ਆਸ਼ਰਮ ਨਹੀ ਆਇਆ ਅਤੇ ਨਾ ਹੀ ਆਸ਼ਰਮ ਫੋਨ ਕਰਕੇ ਮਾਂ ਦਾ ਹਾਲ ਜਾਨਿਆ।ਇੱਕ ਦਿਨ ਕਰਮੋ ਜਿਆਦੀ ਢਿੱਲੀ ਹੋ ਗਈ ਆਸ਼ਰਮ ਵਾਲੇ ਸਾਰੇ ਘੇਰੇ ਘੇਰੇ ਇਕੱਠੇ ਹੋ ਗਏ ਕਰਮੋ ਨੇ ਕਿਹਾ ਪੁਤੋ ਕੋਈ ਮੇਰੇ ਤੇ ਪਰਉਪਕਾਰ ਕਰੋ ਮੇਰੀ ਮੇਰੇ ਪੁੱਤ ਸੁਰਜੀਤ ਨਾਲ ਜਾਂਦੀ ਵਾਰ ਦੀ ਗੱਲ ਹੀ ਕਰਵਾ ਦਿਉ ਅੱਜ ਕਰਮੋ ਦੀ ਸਵਾਸਾ ਦੀ ਪੂੰਜੀ ਵਿਚੋ ਬੱਚੇ ਕੁੱਝ ਸਵਾਸ ਆਪਣੇ ਪੁੱਤ ਦੇ ਲੇਖੇ ਲਾਉਣ ਲੱਗੀ ਪੁੱਤ

ਨੂੰ ਫੋਨ ਲੱਗਾ, ਸੁਰਜੀਤ ਮੇ ਤੇਰੀ ਮਾਂ ਕਰਮੋ ਬੋਲ ਰਹੀ ਹਾ ਬਿਰਦ ਆਸ਼ਰਮ ਵਿਚੋ ਹਾ ਮਾਂ ਬੋਲ ਸੁਰਜੀਤ ਨੇ ਕਿਹਾ, ਕਰਮੋ ਪੁੱਤ ਠੀਕ ਏ, ਹਾ ਮਾਂ, ਮੇਰੀ ਨਹੂੰ ਠੀ ਏ, ਹਾਂ ਮਾਂ, ਸੁਰੀਜਤ ਨੇ ਜਵਾਬ ਦਿੱਤਾ। ਸੁਰਜੀਤ ਮਾਂ ਤੂੰ ਪੋਤਰਿਆ ਵਾਲੀ ਹੋ ਗਈ ਏ, ਸ਼ੁਕਰ ਏ ਪਰਮਾਤਮਾਂ ਦਾ, ਸੁਰਜੀਤ ਹੋਰ ਸੁਣਾ ਮਾਂ, ਪੁਤ ਮੈ ਬਹੁਤ ਤੰਗ ਰਹੀ ਹਾ ਆਸ਼ਰਮ ਵਿੱਚ ਏਥੈ ਪੱਖੇ ਨਹੀ ਹਨ ਮੈ ਗਰਮੀ ਵਿੱਚ ਰਹੀ ਹਾ ਏਨੇ ਸਾਲ, ਨਾਲ ਹੀ ਕਰਮੋ ਨੇ ਕਿਹਾ ਕੇ ਏਥੈ ਕੋਈ ਫਰਿਜ ਵੀ ਨਹੀ ਹੈ ਕਈ ਵਾਰ ਰੋਟੀ ਖਰਾਬ ਹੋਣ ਕਰਕੇ ਮੈ ਭੁੱਖੀ ਸੌਦੀ ਰਹੀ ਹਾ ਆਸ਼ਰਮ ਵਿੱਚ ਕੱਦੀ ਪਾਣੀ ਵੀ ਠੰਡਾ ਨਸੀਬ ਨਹੀ ਹੋਇਆ ਪੁੱਤ, ਪਰ ਆਸ਼ਰਮ ਵਾਲਿਆ ਦਾ ਕੋਈ ਕਸੂਰ ਨਹੀ ਕੋਈ ਦਾਂਨੀ ਨਹੀ ਆਇਆ ਜਿਨੇ ਪੇਸੇ ਆਉਦੇ ਹਨ ਮਸਾ ਆਸ਼ਰਮ ਦਾ ਖਰਚਾ ਹੀ ਚੱਲਦਾ ਹੈ ਮੈ ਚੰਹੁਦੀ ਹਾ ਮੇਰੀ ਮੌਤ ਮਗਰੋ ਤੂੰ ਇੱਸ ਆਸ਼ਰਮ ਵਿੱਚ ਪੱਖਾ ਅਤੇ ਫਰਿਜ ਜਰੂਰ ਦਾਨ ਕਰੀ ਸ਼ਾਇਦ ਮੇਰੇ ਕੋਲ ਜਿਆਦਾ ਟਾਈਮ ਨਹੀ ਮਾਂ ਨੇ ਪੁੱਤ ਨੂੰ ਕਿਹਾ, ਸੁਰਜੀਤ ਨੇ ਮਾਂ ਨੂੰ ਕਿਹਾ ਮਾਂ ਤੂੰ ਪਹਿਲਾ ਕਦੀ ਨਹੀ ਦੱਸਿਆਂ ਕੇ ਤੂੰ ਏਨੀ ਤੰਗ ਏ, ਹੁਣ ਦੱਸਣ ਦਾ ਕੀ ਫਾਇਦਾ ਜਦੋ ਤੂੰ ਤਾਂ ਜਾ ਰਹੀ ਹਾ ਤਾਂ ਕਰਮੋ ਕਿਹਾ ਪੁੱਤ ਵੇਖ ਮੇਂ ਗਰਮੀ ਵਿੱਚ ਤਕਲੀਫ ਸਹਾਰਦੀ ਰਹੀ, ਦਰਦ ਵੀ ਹੰਡਾਇਆ, ਮੇਂ ਕਿਵੇ ਨਾ ਕਿਵੇ ਸਮਾ ਗੁਜਾਰ ਲਿਆ ਲਿਆ ਪੁੱਤ ਸੁਰਜੀਤ, ਕਰਮੋ ਨੇ ਫਿਰ ਇੱਕ ਲੰਮਾ ਹੋਕਾ ਲਿਆ ਤੇ ਗੱਲ ਆਰੰਭ ਕੀਤੀ ਵੇਖ ਪੁੱਤ ਮੇਰੀ ਤਾਂ ਗੁਜਰ ਗਈ, ਜਿਦਾ ਦੀ ਵੀ ਸੀ, ਜਦੋ ਤੇਰੇ ਪੁੱਤ ਤੇਨੂੰ ਏਥੇ ਛੱਡ ਕੇ ਜਾਣ ਗੇ ਪੁੱਤ ਤੇਨੂੰ ਤਕਲੀਫ ਹੋਉ, ਤੇ ਉਹ ਮਰ ਕੇ ਵੀ ਮੇਥੋ ਸਹਾਰੀ ਨਹੀ ਜਾਣੀ ਤੂੰ ਕਦੀ ਪੱਖੇ ਬਿਨਾ ਨਹੀ ਸੁਤਾ ਅਤੇ ਕਦੀ ਤੂੰ ਤੱਤਾ ਪਾਣੀ ਨਹੀ ਪੀਤਾ ਮੇ ਮਰਨ ਲੱਗਿਆ ਤੇਨੂੰ ਤਾ ਦੱਸ ਰਹੀ ਰਹੀ ਹਾ ਤੂੰ ਮੇਰਾ ਆਗਿਆਕਾਰ ਪੁੱਤ ਹੈ ਪੱਖਾ ਫਰਿਜ ਜਰੂਰ ਦਾਨ ਕਰੀ, ਅੱਜ ਸੁਰਜੀਤ ਦੀ ਅਕਲ ਟਿਕਾਣੇ ਆ ਗਈ ਪਰ ਸਮਾਂ ਗੁਜਰ ਚੁੱਕਾ ਸੀ ਸੁਰਜੀਤ ਆਪਣੀ ਮਾਂ ਨੂੰ ਆਖਰੀ ਵੇਲੇ ਘਰ ਖੜ੍ਹਨਾ ਚਹੁੰਦਾ ਸੀ ਪਰ ਮਾਂ ਦੇ ਸਵਾਸ ਇਜਾਜਤ ਨਹੀ ਸਨ ਦਿੰਦੇ। ਅੱਜ ਸੁਰਜੀਤ ਨੂੰ ਆਪਣੀ ਮਾਂ ਦੀਆ ਗੱਲਾ ਕਲੇਜੇ ਨੂੰ ਚੀਰ ਗਈਆ ਸਨ, ਸ਼ਾਈਦ ਕਰਮੋ ਦਾ ਵੀ ਆਖਰੀ ਸੁਨੇਹਾ ਸੀ ਕੇ ਦੁਨੀਆ ਵਾਲਿਉ ਮਾਤਾ ਪਿਤਾ ਦਾ ਸਤਿਕਾਰ ਕਰੋ ਬਿਰਦ ਆਸ਼ਰਮ ਵਿਚ ਨਾ ਛੱਡੋ ਮਾਂ ਦੀ ਸੇਵਾ ਵਿੱਚ ਰੱਬ ਦੀ ਸੇਵਾ ਹੈ ਅੱਜ ਕਰਮੋ ਪੁੱਤ ਨਾਲ ਗੱਲਾ ਕਰਕੇ ਸੱਦਾ ਲਈ ਗੂੜੀ ਨੀਂਦ ਸੌ ਗਈ ਅਤੇ ਆਪਣੇ ਪੁਤਰ ਨੂੰ ਰਹਿੰਦੀ ਜਿੰਦਗੀ ਲਈ ਜਗਾ ਗਈ।





ਤਿੰਨ ਕਵਿਤਾਵਾਂ

ਰਵੇਲ ਸਿੰਘ

+32 723 82827

## ਮਾਂ

ਮਾਂ ਦੀ ਗੋਦੀ ਜੰਨਤ ਤੋਂ ਵੱਧ ,
ਮਾਂ ਦੇ ਬੋਲ ਨੇ ਮਿੱਠਤ ਤੋਂ ਵੱਧ ।
ਬੇਸ਼ੱਕ ਰਿਸ਼ਤੇਹੋਰ ਬਥੇਰੇ ਹਨ ,
ਪਰ ਸੱਭ ਨੇ ਮਤਲਬ ਨੇ ਘੇਰੇ ।
ਜੱਗ ਤੇ ਰਿਸ਼ਤੇ ਨਾਤੇ ਸਾਰੇ ,
ਸਾਰੇ ਹੀ ਹਨ ਗਰਜ਼ਾਂ ਮਾਰੇ ।
ਮਾਂ ਦਾ ਰਿਸ਼ਤਾ ਪਾਕ ਪਵਿੱਤ੍ਰ ,
ਉੱਚਾ ਸੁੱਚਾ ਬਹੁਤ ਵਚਿੱਤ੍ਰ ।
ਮਾਂ ਦੇ ਇੱਸ ਰਿਸ਼ਤੇ ਦੇ ਅੱਗੇ ,
ਹਰ ਇੱਕ ਰਿਸ਼ਤਾ ਫਿੱਕਾ ਲੱਗੇ ।
ਭਾਂਵੇਂ ਹੋਰ ਵੀ ਠੰਡੀਆਂ ਥਾਂਵਾਂ,
ਮਾਂ ਵਰਗੀਆਂ ਨਾਂ ਕਿਧਰੇ ਛਾਂਵਾਂ ।
ਜੇ ਨਾ ਹੁੰਦੀ ਜੱਗ ਤੇ ਮਾਂ ,
ਕਿਸ ਲੈਣਾ ਸੀ ਰੱਬ ਦਾ ਨਾਂ ।
ਮਾਂ ਦਾ ਕਰਜ਼ ਚੁਕਾਉਣਾ ਔਖਾ ,
ਮਾਂ ਦਾ ਪਿਆਰ ਭੁਲਾਉਣਾ ਔਖਾ ।
ਜਿਹੜੇ ਮਾਂ ਦਾ ਪਿਆਰ ਭੁਲਾਉਂਦੇ ,
ਉਹ ਕਿਧਰੇ ਵੀ ਸੁੱਖ ਨਾ ਪਾਉਂਦੇ ।

## ਅਜੇ ਵੀ ਤੇਰੀ ਲੋੜ ਵੇ ਕੱਖਾ

ਥਾਂ ਥਾਂ ਮਹਿਲ ਮੁਨਾਰੇ ਬਣਦੇ,
ਫਿਰ ਵੀ ਛੱਪਰ ਢਾਰੇ ਬਣਦੇ ,
ਅਜੇ ਵੀ ਤੇਰੀ ਲੋੜ ਵੇ ਕੱਖਾ,
ਅਜੇ ਵੀ ਤੇਰੀ ਲੋੜ ।
ਆਲ੍ਹਣਿਆਂ ਲਈ ਤੇਰੀ ਲੋੜ ,
ਝੁੱਗੀਆਂ ਲਈ ਵੀ ਤੇਰੀ ਲੋੜ ,
ਹਰ ਦਮ ਰਹਿੰਦੀ ਥੋੜ ਵੇ ਕੱਖਾ,
ਅਜੇ ਵੀ ਤੇਰੀ ਲੋੜ ।
ਕਈ ਹੋ ਜਾਂਦੇ ਕੱਖੋਂ ਲੱਖ,
ਕਈ ਹੋ ਜਾਂਦੇ ਲੱਖੋਂ ਕੱਖ ,
ਕੌਡੀ ਕੌਡੀ ਜੋੜ ਵੇ ਕੱਖਾ ,
ਅਜੇ ਵੀ ਤੇਰੀ ਲੋੜ ।
ਤੂੰ ਸਭਨਾਂ ਦੀ ਹਾਮੀ ਭਰਨੈ
ਆਖਰ ਬਣਕੇ ਲਾਂਬੂ ਸੜਨੈਂ,
ਆਪਾ ਤੋੜ ਮਰੋੜ ਵੇ ਕੱਖਾ,
ਅਜੇ ਵੀ ਤੇਰੀ ਲੋੜ ।
ਤੇਰੀ ਅਜਬ ਕਹਾਣੀ ਕੱਖਾ,
ਵਿਰਲੇ ਹੀ ਕਿਸੇ ਜਾਣੀ ਕੱਖਾ ,
ਹਰ ਕੋਈ ਪੈਰਾਂ ਹੇਠਾਂ ਰੋਲੇ,
ਹਰ ਖੂੰਜੇ ਹਰ ਮੋੜ ਵੇ ਕੱਖਾ,
ਅਜੇ ਵੀ ਤੇਰੀ ਲੋੜ ।



## ਕਵਿਤਾ - ਅੱਗਾਂ

ਸਰਦਾਰ ਜਸਪਾਲ ਸੂਸ

ਹਰ ਦਿਸ਼ਾ ਵਿੱਚ ਅੱਗਾਂ ਲੱਗੀਆਂ
ਅੱਗਾਂ, ਅੱਗਾਂ ਲਾਣ |
ਵਿਹੜੇ ਸਾਡੇ ਅੱਗਾਂ ਉੱਗੀਆਂ
ਅੱਗਾਂ ਨੇ ਪਰਧਨ |

ਅੱਗਾਂ,ਅੱਗਾਂ ਦੇ ਸੰਗ ਰਲਕੇ
ਹਰ ਥਾਂ ਕੱਠੀਆਂ ਹੋਈਆਂ,
ਅੱਗਾਂ ਦੇ ਸੰਗ ਰਲਕੇ ਅੱਗਾਂ
ਦੂਣ ਸਵਾਈਆਂ ਹੋਈਆਂ,
ਅੱਗਾਂ, ਅੱਗਾਂ ਨੂੰ ਨੇ ਦਿੰਦੀਆਂ
ਅੱਗਾਂ ਦ ਬਰਦਾਨ |
ਵਿਹੜੇ ਸਾਡੇ ਅੱਗਾਂ.......

ਅੱਗਾਂ ਹਾਸੇ ਕੈਦ ਨੇ ਕੀਤੇ
ਅੱਗਾਂ ਦੀ ਸਰਦਾਰੀ,
ਅੱਗਾਂ ਦੇ ਹੱਥ ਲੱਗੀ ਵਸਤੂ
ਅੱਗਾਂ ਜਾਲ ਕੇ ਮਾਰੀ,
ਖ਼ਲੀ ਖੂੰਜੀ ਬੈਠੀਆਂ ਅੱਗਾਂ
ਮੁੱਖੜੇ ਲੈ ਮੁਸਕਾਨ |
ਵਿਹੜੇ ਸਾਡੇ ਅੱਗਾਂ......

ਅੱਗਾਂ ਭਗਵੇਂ ਕੱਪੜੇ ਪਾਕੇ
ਦੋ ਦੋ ਚਿਹਰੇ ਲਾਏ,
ਆਪਣੇ ਹੱਥੀਂ ਲਾਕੇ ਅੱਗਾਂ
ਆਪੇ ਵੈਣ ਨੇ ਪਾਏ,
ਜਸਪਾਲ ਸੂਸ ਹਾਂ ਬਚ ਸਕਦੇ
ਹੁਣ ਜੇ ਅੱਗਾਂ ਬੁਝ ਜਾਣ |
ਵਿਹੜੇ ਸਾਡੇ ਅੱਗਾਂ....



## ਕਵਿਤਾ - ਬਹੁਤ ਕੁਝ ਸੀ ਘਰ ਵਿੱਚ

ਡਾ. ਅਮਰਜੀਤ ਟਾਂਡਾ
+41 7271 147

ਬਹੁਤ ਕੁਝ ਸੀ ਘਰ ਵਿੱਚ
ਸੂਰਜ ਵਰਗਾ ਬਾਪ
ਨੀਲੇ ਅਰਸ਼ ਵਰਗੀ ਮਾਂ
ਭੈਣ-ਭਰਾ ਸ਼ਬਦਾਂ ਵਰਗੇ।

ਚੌਂਕੇ ਵਿਚ ਚੁੱਲ੍ਹੇ ਦੁਆਲੇ ਦੁਨੀਆਂ ਵਸਦੀ ਸੀ-
ਵਿਹੜੇ ਵਿਚ ਰੌਣਕ ਨੱਚਦੀ ਸੀ-
ਮਾਸੀ ਵਰਗੀਆਂ ਰਜ਼ਾਈਆਂ ਸੁੰਨ੍ਹੀਆਂ ਹੁਣ
ਭੂਆ ਵਰਗੇ ਚਾਅ ਗੁਆਚ ਗਏ ਨੇ-
ਕਿੱਲੀਆਂ ਜਿਹਨਾਂ ਤੇ ਥਕਾਵਟ ਬਦਲਦੇ ਸਾਂ
ਸੋਹਣੇ 2 ਨਵੇਂ ਸਵਾਏ ਝੱਗੇ ਪਜ਼ਾਮੇ ਟੰਗਦੇ ਸਾਂ
ਸੁੰਨ੍ਹੀਆਂ ਝਾਕਦੀਆਂ ਹਨ-

ਹੁਣ ਪਿਤਾ ਦਾ ਮੰਜਾ ਇਕੱਲਾ ਪਿਆ ਹੈ
ਅਣਵਿਛਿਆ ਤਾਜ਼ ਸਜਿਆ ਉਡੀਕ ਰਿਹਾ ਹੈ ਕਿਸੇ ਨੂੰ
ਸਾਈਕਲ ਖ਼ਬਰੇ ਕੌਣ ਚਲਾਉਂਦਾ ਹੋਵੇਗਾ?

ਜਿਸ 'ਤੇ ਬਾਪੂ ਨੇ
ਧਰਤ ਤਰੀ-ਸੁਬ੍ਹਾ ਸ਼ਾਮ
ਮਾਂ ਦਾ ਚਰਖਾ,
ਸਿਲਾਈ ਮਸ਼ੀਨ, ਆਟੇ ਵਾਲਾ ਢੋਲ
ਜਿਸ 'ਤੇ ਮਾਂ ਦੇ ਪੋਟਿਆਂ ਦੀ ਛੋਹ ਹੈ-
ਤੇ ਲੋਰੀਆਂ ਦੇ ਨਿਸ਼ਾਨ ਹਨ-ਬਿਟ 2 ਦੇਖ ਰਹੇ ਹਨ
ਬੇਰੀ ਨੂੰ ਬੇਰ ਲੱਗਦੇ ਨੇ-
ਪਰ ਤੋਤੇ ਉਡਾਉਣ ਵਾਲੀ ਚੰਨ ਵੱਲ ਤੁਰ ਗਈ

ਘਰ ਇਕੱਲਾ ਵੀ ਕੀ 2 ਕਰੇ
ਕਿਹਨੂੰ 2 ਜਾਣੋ ਰੋਕੇ
ਕਿਹਦੀ 2 ਬਾਂਹ ਘੁੱਟ ਫੜੇ
ਇਹ ਸੱਲ ਲੱਗੇ ਸਦੀਆਂ ਨੂੰ ਬੜੇ-
ਹਰ ਪਿੰਡ ਦਰ੍ਹਾਂ 'ਤੇ ਖੜ੍ਹੇ-
ਕੋਰੇ ਸਫ਼ੇ ਕਿਹੜਾ ਕੋਈ ਪੜ੍ਹੇ -



## ਦੋ ਗ਼ਜ਼ਲਾਂ

ਗੁਰਸ਼ਰਨ ਸਿੰਘ ਅਜੀਬ
gsajeeb@gmail.com

### ੦ ਗ਼ ਜ਼ ਲ -1 ੦

ਮੈਂ ਕੋਹੇ-ਤੂਰ ਆਖਾਂ ਜਾਂ ਕਿ ਕੋਹੇ-ਨੂਰ ਮੈਂ ਤੈਨੂੰ
ਤਿਰਾ ਜਲਵਾ ਕਿਆਮਤ ਹੈ ਕਹਾਂਗਾ ਹੂਰ ਮੈ ਤੈਨੂੰ

ਮੈਂ ਆਸ਼ਕ ਹਾਂ ਮੁਹੱਬਤ ਦਾ ਤਿਰੇ ਸੰਗ ਇਸ਼ਕ ਕਰਦਾ ਹਾਂ
ਮੁਹੱਬਤ ਵਾਸਤੇ ਕਰਦਾ ਨਹੀਂ ਮਜਬੂਰ ਮੈਂ ਤੈਨੂੰ

ਮੇਰੇ ਵਰਗਾ ਪਰੇਮੀ ਢੂੰਡਿਆਂ ਮਿਲਣਾ ਨਹੀਂ ਜਗ 'ਤੇ
ਨਾ ਕਰ ਦੇਰੀ ਤੇ ਲੈ ਅਪਣਾਅ ਜੇ ਹਾਂ ਮਨਜ਼ੂਰ ਮੈਂ ਤੈਨੂੰ

ਮੈਂ ਸ਼ਾਇਰ ਹਾਂ ਗ਼ਜ਼ਲ ਅਪਣੀ 'ਚ ਗਾਵਾਂ ਹੁਸਨ ਦੀ ਮਹਿਮਾ
ਗ਼ਜ਼ਲ ਮੇਰੀ ਦਾ ਬਣ ਮਤਲਾ ਕਰਾਂ ਮਸ਼ਹੂਰ ਮੈਂ ਤੈਨੂੰ

ਤਿਰੇ 'ਤੇ ਹੁਸਨ ਦਾ ਪਹਿਰਾ ਤਿਰਾ ਜਲਵਾ ਨੁਰਾਨੀ ਹੈ
ਹੈਂ ਚੰਨ ਦੀ ਚਾਨਣੀ ਤੂੰ ਹੀ ਕਹਾਂਗਾ ਨੂਰ ਮੈਂ ਤੈਨੂੰ

ਲੜਾਂਗਾ ਹੱਕ ਸਚ ਖ਼ਾਤਰ ਲੜਾਈ ਜੇ ਪਈ ਲੜਣੀ
ਦਿਖਾਵਾਂਗਾ ਸ਼ਹਾਦਤ ਯਾਰ ਬਣ ਮਨਸੂਰ ਮੈਂ ਤੈਨੂੰ

'ਅਜੀਬਾ' ਮੈਂ ਕਵੀ ਸਭ ਦਾ ਮੁਹੱਬਤ ਜ਼ਾਤ ਹੈ ਮੇਰੀ
ਨਾ ਸਮਝਾਂ ਗਿੱਲ, ਸੰਧੂ, ਬਾਜਵਾ ਹੀ ਤੂਰ ਮੈਂ ਤੈਨੂੰ

### ੦ ਗ਼ ਜ਼ ਲ -2 ੦

ਗ਼ਜ਼ਲ-ਲੇਖਕ ਮੇਰੇ ਯਾਰੋ ਕਦੇ ਚੁਪ ਬਹਿ ਨਹੀਂ ਸਕਦਾ
ਕਹੇ ਜੇਕਰ ਨਾ ਉਹ ਗ਼ਜ਼ਲਾਂ ਉਹ ਜ਼ਿੰਦਾ ਰਹਿ ਨਹੀਂ ਸਕਦਾ

ਉਦ੍ਹਾ ਉਠਣਾ ਗ਼ਜ਼ਲ ਹੁੰਦੀ ਉਦ੍ਹਾ ਬਹਿਣਾ ਗ਼ਜ਼ਲ ਹੁੰਦੀ
ਗ਼ਜ਼ਲਗੋ ਕਾਸਦਾ, ਜੋ ਵਿਚ ਗ਼ਜ਼ਲ ਦੇ ਲਹਿ ਨਹੀਂ ਸਕਦਾ

ਸੁਨਾਮੀ ਜ਼ਲਜ਼ਲੇ ਆਵਣ ਇਨ੍ਹਾਂ ਸੰਗ ਜੂਝਣਾ ਪੈਂਦੈ
ਉਹ ਕਾਹਦਾ ਮਰਦ ਹੈ ਜੋ ਸੰਗ ਇਨਾਂ ਦੇ ਖਹਿ ਨਹੀਂ ਸਕਦਾ

ਹਲੀਮੀ ਸਾਦਗੀ ਦੀਵਾਨਗੀ ਭੋਲਾ ਸਿਆਣਾਪਣ
ਇਹ ਸਾਰੇ ਗੁਣ ਨੇ ਜਿਸ ਅੰਦਰ ਉਹ ਮੰਦਾ ਕਹਿ ਨਹੀਂ ਸਕਦਾ

ਕਰੋ ਕਿਰਪਾ ਮੇਰੇ ਉੱਤੇ ਨਾ ਦੇਵੋ ਹੌਸਲੇ ਝੂਠੇ
ਮੈਂ ਦਾਦਾਂ ਫੋਕੀਆਂ ਉੱਤੇ ਗ਼ਜ਼ਲਗੋ ਰਹਿ ਨਹੀਂ ਸਕਦਾ

'ਅਜੀਬਾ' ਇਸ਼ਕ ਵਿਚ ਜੀਣਾ ਤੇ ਮਰਨਾ ਗੱਲ ਇੱਕੋ ਹੈ
ਉਹ ਆਸ਼ਕ ਕਾਸਦਾ, ਜੋ ਵਿਚ ਝਨਾਵੀਂ ਵਹਿ ਨਹੀਂ ਸਕਦਾ



## ਤਿੰਨ ਕਵਿਤਾਵਾਂ

ਵਰਿੰਦਰ ਕੌਰ ਰੰਧਾਵਾ,

### ਦਿਨ ਤੀਆਂ ਵਰਗੇ

ਦਿਨ ਤੀਆਂ ਵਰਗੇ ਲੰਘਦੇ ਸਨ,
ਸਾਨੂੰ ਤੂੰ ਬਹੁਤ ਪਿਆਰਾ ਸੀ।
ਵਿਚ ਧੁੱਪ ਦੇ ਵੀ ਸੀ ਛਾਂ ਲੱਗਦੀ,
ਉਦੋਂ ਹਰ ਇਕ ਪਲ ਨਿਆਰਾ ਸੀ।
ਭਾਂਵੇਂ ਅੱਖਾਂ ਨਾਲ ਹੀ ਕਰਦੇ ਸਾਂ,
ਪਰ, ਮੇਰਾ ਤੂੰ ਜੀਣ-ਸਹਾਰਾ ਸੀ।
ਖੜ੍ਹ ਤੱਕਦਾ ਹੁੰਦਾ ਮੈਂ ਮੋੜਾਂ ਤੇ,
ਮੈਂ ਤੇਰਾ ਚਮਕਦਾ ਤਾਰਾ ਸੀ।
ਤੇਰਾ ਦੀਦ ਸੀ ਸਾਨੂੰ ਰੱਬ ਵਰਗਾ,
ਸੱਚੇ ਪਿਆਰ ਦੀ, ਸੁੱਚੀ ਧਾਰਾ ਸੀ।
ਬਸ ਰੂਹਾਂ ਹੀ ਸੀ ਬੋਲਦੀਆਂ,
ਸਾਡੀ ਸ਼ਰਮ ਦਾ ਪੱਲੜਾ ਭਾਰਾ ਸੀ।
ਉਦੋਂ ਪਿਆਰ ਦੇ ਅਰਥ ਸੀ ਨਹੀ ਆਉਂਦੇ,
ਪਰ 'ਰੰਧਾਵਾ' ਉਹ ਅਕਹਿ ਨਜਾਰਾ ਸੀ।

### ਦੋਜਖ ਏ

ਸੱਚਮੁੱਚ, ਬਿਨ ਮਾਵਾਂ, ਦੋਜਖ ਏ।
ਜਿੰਦਗੀ, ਬਿਨ ਚਾਵਾਂ, ਦੋਜਖ ਏ।

ਉਸ ਸੱਚੇ ਇਕ ਦਿਲਦਾਰ ਬਿਨਾ,
ਅੱਖ ਹੋਰ ਥਾਂ ਟਿਕਾਵਾਂ, ਦੋਜਖ ਏ।

ਸਾਹ ਉਡ ਜਾਣਾ ਵਾਂਗ ਪਰਿੰਦੇ ਦੇ,
ਜੇ ਸਾਂਈਂ ਨਾ ਧਿਆਵਾਂ, ਦੋਜਖ ਏ।

ਭਾਂਵੇਂ ਜੋਬਨ ਤੁਰਿਆ, ਮੁੜਨਾ ਨਹੀਂ,
ਦਾਗ ਚੁੰਨੀ ਨੂੰ ਜੇ ਲਾਵਾਂ, ਦੋਜਖ ਏ।

ਕਿਸੇ ਗਰੀਬ ਦੇ ਲਈ ਵੀ ਮਰਨਾ ਸਿੱਖ,
ਖੱਟ ਸਕਾਂ ਨਾ ਦੁਆਵਾਂ, ਦੋਜਖ ਏ।

ਸੱਭਿਆਚਾਰਕ ਵਿਰਸਾ ਜਾਨ ਸਾਡੀ,
ਜੇ ਮੈਂ 'ਪੱਛਮੀ' ਅਪਣਾਵਾ, ਦੋਜਖ ਏ।

ਦਸਾਂ ਨੌਹਾਂ 'ਚ 'ਵਰਿੰਦਰਾ' ਬਰਕਤ ਏ,
ਮਾਰ ਠਗੀਆਂ ਜੇ ਖਾਵਾਂ, ਦੋਜਖ ਏ।

### ਪੋਹ ਦੇ ਠੰਢੇ ਸਿਆਲ

ਤੂੰ ਪੋਹ ਦੇ ਠੰਢੇ ਸਿਆਲ ਜਿਹਾ,
ਮੈਂ ਹਾੜ੍ਹ ਦੀ ਬਲਦੀ ਧੁੱਪ ਵਰਗੀ।
ਤੇਰੇ ਮੱਥੇ ਚਮਕਣ ਬੂੰਦਾਂ ਵੇ,
ਮੇਰੀ ਹਰ ਧੜਕਣ ਲੂੰ-ਲੂੰ ਕਰਦੀ।
ਤੂੰ ਅੱਖੀਆਂ ਦੇ ਵਿਚ ਕਹਿ ਜਾਂਦੈਂ,
ਮੈਂ ਅੰਦਰੋਂ ਹੁੰਗਾਰੇ ਰਹਾਂ ਭਰਦੀ।
ਤੂੰ ਪਿੱਠ ਨਾ ਕਦੇ ਵਿਖਾਈਂ ਵੇ,
ਤੇਰਾ ਪਲ ਦਾ ਵਿਛੋੜਾ ਨਈਂ ਜਰਦੀ।
ਲੱਖ ਭੌਰ ਉਡਾਰੀ ਭਰਦੇ ਵੇ,
'ਰੰਧਾਵਾ' ਲੱਖਾਂ 'ਚ ਤੇਰੇ 'ਤੇ ਮਰਦੀ।


ਹੱਥ ਜੋੜ, ਸਿਰ ਨਯਾਇ ਜੁਹਾਰ !
ਧਰਮੀ ਬਾਬਲ ! ਦਰਦਣ ਅੰਮਾਂ ! ਜੀਓ ਜਾਗੋ ਜੁੱਗ ਹਜ਼ਾਰ !
ਸੁੱਖ ਨ ਮੁੱਕਣ, ਦੁੱਖ ਨ ਢੁੱਕਣ, ਹੋਵੇ ਜੱਸ ਜਹਾਨੀਂ ਚਾਰ !
ਵੇਲ ਵਧੇ ਪਰਤਾਪ ਸਵਾਇਆ, ਸਾਈਂ ਦੇਇ ਅਖੁੱਟ ਭੰਡਾਰ !
ਗਊ ਨਿਮਾਣੀ ਧੀ ਇਵਾਣੀ, ਦਾਣੇ ਪਾਣੀ ਦੇ ਅਨੁਸਾਰ,
ਰੱਬ ਨੇ ਘੱਲੀ ਦੁਨੀਆਂ ਦੇ ਵਿਚ,ਚੁਗਣੇ ਹੇਤ ਤੁਹਾਡੀ ਬਾਰ ।
ਲੰ ਲੂੰ ਮੇਰਾ ਦੇਇ ਅਸੀਸਾਂ ਜੋ ਜੋ ਕੀਤੇ ਸਨ ਉਪਕਾਰ,
ਸਿਲ ਫਿੱਕੀ ਆਮਾਨ ਬਿਗਾਨੀ, ਸੱਲਾਂ ਸਲਾਂ ਦਾ ਆਗਾਰ ।
ਹਸ ਹਸ ਸਿਰ ਤੇ ਕਾਰ ਉਠਾਈ, ਉਸ ਦਾਤੇ ਦੀ ਦਾਤ ਚਿਤਾਰ,
ਪਾਲੀ, ਪੋਸੀ, ਗੋਦ ਖਿਡਾਈ, ਸਾਰੇ ਕੀਤੇ ਚਾਓ ਮਲ੍ਹਾਰ ।
ਬਾਲ ਵਰੇਸੇ ਰਾਜ ਕਰਾਇਆ, ਕੀਤਾ ਪੁੱਤਾਂ ਵਾਂਗ ਪਿਆਰ,
ਹੋਇ ਸਿਆਣੀ ਗੋਦੀ ਲੈ ਲੈ, ਵੀਰ ਖਿਡਾ ਹੋਵਾਂ ਬਲਿਹਾਰ ।
ਸਈਆਂ ਨਾਲ ਰਲਾਂ ਤੇ ਜਾਵਾਂ, ਸਾਵੇਂ ਖੇਡਣ ਬਾਹਰ ਵਾਰ,
ਹੱਸਾਂ, ਖੇਡਾਂ, ਗਾਵਾਂ ਬੋਲਾਂ, ਰਾਤ ਲੰਘਾਵਾਂ ਲਾਇ ਭੰਡਾਰ ।
ਚੰਗਾ ਚੋਖਾ ਖਾਵਾਂ ਖੇਡਾਂ, ਫਿਕਰ ਨ ਕੋਈ ਕੰਮ ਨ ਕਾਰ ।
-ਧਨੀ ਰਾਮ ਚਾਤ੍ਰਿਕ